ਜਿਲਦ: 6,ਅੰਕ:17

1 – 15 ਮਾਰਚ, 2026 (ਮੁਫ਼ਤ)

ਨਿਊ ਇੰਡੀਆ ਸਮਾਚਾਰ



ਰਾਸ਼ਟਰ ਦੀ 'ਪ੍ਰਗਤੀ' ਯੋਜਨਾਵਾਂ ਵਿੱਚ ਗਤੀ

ਵਿਕਸਿਤ ਭਾਰਤ @ 2047 , ਇੱਕ ਰਾਸ਼ਟਰੀ ਸੰਕਲਪ, ਇੱਕ ਸਮਾਂਬੱਧ ਟੀਚਾ ਹੈ ਅਤੇ ਰਾਸ਼ਟਰੀ ਹਿਤ ਵਿੱਚ ਇਸ ਟੀਚੇ ਦੀ ਪ੍ਰਾਪਤੀ ਵਿੱਚ 'ਪ੍ਰਗਤੀ' ਮੰਚ ਬਣਿਆ ਇੱਕ ਮਜ਼ਬੂਤ ਅਧਾਰ ਥੰਮ੍ਹ ...

ਈ-ਕਾਪੀ ਦੇ ਲਈ QR ਸਕੈਨ ਕਰੋ

ਕੇਂਦਰੀ ਉਦਯੋਗਿਕ ਸੁਰੱਖਿਆ ਬਲ : 10 ਮਾਰਚ ਸਥਾਪਨਾ ਦਿਵਸ

ਕਰਤੱਵ ਦੇ ਪ੍ਰਤੀ ਅਟੁੱਟ ਸਮਰਪਣ

ਬੀਤੇ 57 ਵਰ੍ਹਿਆਂ ਵਿੱਚ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐੱਸਐੱਫ) ਨੇ ਰਾਸ਼ਟਰੀ ਸੁਰੱਖਿਆ ਵਿੱਚ ਸੁਨਹਿਰੀ ਮਿਆਰ ਯਕੀਨੀ ਬਣਾਏ ਹਨ। 'ਸੁਰੱਖਿਆ ਕਵਚ' ਕਹੇ ਜਾਣ ਵਾਲੇ ਸੀਆਈਐੱਸਐੱਫ ਦੇ ਜਵਾਨ ਦੇਸ਼ ਦੇ ਮਹੱਤਵਪੂਰਨ ਪ੍ਰਤਿਸ਼ਠਾਨਾਂ ਸਮੇਤ ਪੋਰਟ, ਏਅਰਪੋਰਟ, ਮੈਟਰੋ ਸਮੇਤ ਕਈ ਥਾਵਾਂ ਵਿੱਚ ਰੋਜ਼ਾਨਾ ਇੱਕ ਕਰੋੜ ਤੋਂ ਵੱਧ ਲੋਕਾਂ ਦੀ ਆਵਾਜਾਈ ਨੂੰ ਹਰ ਖਤਰੇ ਤੋਂ ਰੱਖਦੇ ਹਨ ਸੁਰੱਖਿਅਤ ...

- ਦੇਸ਼ ਦੇ ਇੰਡਸਟ੍ਰੀਅਲ, ਐਜੂਕੇਸ਼ਨਲ ਵਿਕਾਸ ਅਤੇ ਸੁਚਾਰੂ ਸੰਚਾਲਨ ਵਿੱਚ ਸੀਆਈਐੱਸਐੱਫ ਜਵਾਨਾਂ ਦਾ ਯੋਗਦਾਨ ਮਹੱਤਵਪੂਰਨ।
- ਦੇਸ਼ ਦੇ ਨਵੇਂ ਸੰਸਦ ਭਵਨ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਸੀਆਈਐੱਸਐੱਫ ਜਵਾਨ ਸੰਭਾਲ ਰਹੇ।
- ਨਿਮਰਤਾ ਅਤੇ ਸੰਜਮ ਨਾਲ ਬਿਨਾ ਕਿਸੇ ਚੂਕ ਦੇ ਸੀਆਈਐੱਸਐੱਫ ਜਵਾਨ ਦਿੱਲੀ ਮੈਟਰੋ ਵਿੱਚ ਹਰ ਰੋਜ਼ 70 ਲੱਖ ਤੋਂ ਵੱਧ ਯਾਤਰੀਆਂ ਦੀ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਂਦੇ ਹਨ।

250 ਪੋਰਟਸ ਦੀ ਸੁਰੱਖਿਆ ਜ਼ਿੰਮੇਵਾਰੀ ਵੀ ਸੰਭਾਲਦੇ ਹਨ।

"ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੇ ਸਾਰੇ ਕਰਮਚਾਰੀਆਂ ਨੂੰ ਸਥਾਪਨਾ ਦਿਵਸ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਇਹ ਫੋਰਸ ਆਪਣੀ ਪੇਸ਼ੇਵਰਤਾ, ਸਮਰਪਣ ਅਤੇ ਦਲੇਰੀ ਲਈ ਜਾਣੀ ਜਾਂਦੀ ਹੈ। ਇਹ ਫੋਰਸ ਜ਼ਰੂਰੀ ਬੁਨਿਆਦੀ ਢਾਂਚੇ ਦੀ ਰੱਖਿਆ ਕਰਦੇ ਹੋਏ ਅਤੇ ਹਰ ਰੋਜ਼ ਅਣਗਿਣਤ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਕੇ ਸਾਡੀ ਸੁਰੱਖਿਆ ਪ੍ਰਣਾਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਫਰਜ਼ ਦੇ ਪ੍ਰਤੀ ਉਨ੍ਹਾਂ ਦਾ ਅਟੁੱਟ ਸਮਰਪਣ ਅਸਲ ਵਿੱਚ ਸ਼ਲਾਘਾਯੋਗ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਨਿਊ ਇੰਡੀਆ
ਸਮਾਚਾਰ

ਜਿਲਦ: 6, ਅੰਕ: 17 | 1- 15 ਮਾਰਚ, 2026

ਐਡੀਟਰ ਇਨ ਚੀਫ਼ :
ਧੀਰੇਂਦਰ ਓਝਾ
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
ਸੰਤੋਸ਼ ਕੁਮਾਰ

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
ਪਵਨ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ
ਅਖਿਲੇਸ਼ ਕੁਮਾਰ
ਚੰਦਨ ਕੁਮਾਰ ਚੌਧਰੀ

ਭਾਸ਼ਾ ਸੰਪਾਦਨ
ਸੁਮਿਤ ਕੁਮਾਰ (ਅੰਗ੍ਰੇਜ਼ੀ)
ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)
ਨਦੀਮ ਅਹਿਮਦ (ਉਰਦੂ)
ਅਹਿਮਦ ਖਾਨ (ਪੰਜਾਬੀ)

ਸੀਨੀਅਰ ਡਿਜ਼ਾਈਨਰ
ਫੂਲ ਚੰਦ ਤਿਵਾਰੀ

ਡਿਜ਼ਾਈਨਰ
ਅਭੈ ਗੁਪਤਾ
ਸਤਯਮ ਸਿੰਘ

13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:
https://newindiasamachar.pib.gov.in/news.aspx

'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:
https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ:- @NISPIBIndia

ਅੰਦਰਲੇ ਪੰਨਿਆਂ ਉੱਤੇ ...

ਪ੍ਰਗਤੀ @ 50
ਸਮਾਂਬੱਧ ਵਿਕਾਸ ਦੀ ਅਦਭੁਤ ਯਾਤਰਾ ...

ਕਵਰ ਸਟੋਰੀ

ਮਾਰਚ 2015 ਵਿੱਚ ਬਣੇ 'ਪ੍ਰਗਤੀ' ਮੰਚ ਨੇ ਬੀਤੇ ਇੱਕ ਦਹਾਕੇ ਦੀ ਯਾਤਰਾ ਵਿੱਚ 50 ਬੈਠਕਾਂ ਕਰਕੇ 85 ਲੱਖ ਕਰੋੜ ਰੁਪਏ ਤੋਂ ਵੱਧ ਦੇ 382 ਪ੍ਰੋਜੈਕਟਾਂ ਨੂੰ ਗਤੀ ਦਿੱਤੀ ਹੈ। ਇਸ ਅਨੋਖੀ ਪਹਿਲ ਨਾਲ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਕਰੋੜਾਂ ਰੁਪਏ ਦੇ ਅਟਕੇ-ਭਟਕੇ ਅਤੇ ਲਟਕੇ ਪ੍ਰੋਜੈਕਟ ਇੱਕ ਤੋਂ ਬਾਅਦ ਇੱਕ ਤੇਜ਼ੀ ਨਾਲ ਪੂਰੇ ਹੋ ਰਹੇ ਹਨ। ਇਸ ਨਾਲ ਯਕੀਨੀ ਹੋ ਰਿਹਾ ਹੈ ਕਿ 140 ਕਰੋੜ ਨਾਗਰਿਕਾਂ ਦਾ ਵਿਕਾਸ ... | 12-31

ਸੇਵਾ ਤੀਰਥ ਅਤੇ ਕਰਤਵਯ ਭਵਨ

ਸੇਵਾ ਤੀਰਥ ਅਤੇ ਕਰਤਵਯ ਭਵਨ ਸਿਰਫ਼ ਇਮਾਰਤਾਂ ਨਹੀਂ ਹਨ ਸਗੋਂ ਕਾਰਜ ਸੱਭਿਆਚਾਰ ਵਿੱਚ ਤਬਦੀਲੀ ਦੇ ਪ੍ਰਤੀਕ ਹਨ। ਜਿੱਥੇ ਭਾਵਨਾ ਸ਼ਾਸਨ ਦੀ ਨਹੀਂ, ਸਗੋਂ ਸੇਵਾ ਦੀ ਹੈ। | 7-9

ਰਾਸ਼ਟਰੀ ਗੀਤ ਦੇ ਸਾਰੇ ਛੇ ਅੰਤਰੇ ਗਾਓ...

ਸਮਾਂ - 3 ਮਿੰਟ 10 ਸੈਕਿੰਡ

ਰਾਸ਼ਟਰੀ ਗੀਤ ਵੰਦੇ ਮਾਤਰਮ ਦੇ ਪ੍ਰਤੀ ਸਨਮਾਨ ਨੂੰ ਲੈ ਕੇ ਕੇਂਦਰ ਸਰਕਾਰ ਨੇ ਜਾਰੀ ਕੀਤੇ ਨਵੇਂ ਨਿਰਦੇਸ਼ | 10-11

ਸਮਾਚਾਰ ਸਾਰ | 4-5

ਸ਼ਖਸੀਅਤ: ਰਾਈਫਲ ਮੈਨ ਸੰਜੈ ਕੁਮਾਰ
ਦੁਸ਼ਮਣ ਦੇ ਹਥਿਆਰਾਂ ਨਾਲ ਕੀਤਾ ਉਨ੍ਹਾਂ ਦਾ ਸਫਾਇਆ | 6

ਕਨੈਕਟੀਵਿਟੀ ਨੂੰ ਗਤੀ ਅਤੇ ਸ਼ਹਿਰੀ ਚੁਣੌਤੀ ਫੰਡ ਨੂੰ ਸ਼ੁਰੂ ਕਰਨ ਦੀ ਮਨਜ਼ੂਰੀ
ਕੇਂਦਰੀ ਕੈਬਨਿਟ ਦੀ ਮੀਟਿੰਗ ਲਈ ਕਈ ਮਹੱਤਵਪੂਰਨ ਫੈਸਲੇ | 32-34

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮੰਤਰ : ਪੜ੍ਹਾਈ ਅਤੇ ਕਲਾ ਦੋਵੇਂ ਉਪਯੋਗੀ
'ਪਰਿਕਸ਼ਾ ਪੇ ਚਰਚਾ 2026' ਐਪੀਸੋਡ -2 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਬੱਚਿਆਂ ਨਾਲ ਕੀਤੀ ਗੱਲਬਾਤ | 35-37

ਹੁਣ ਅੱਗੇ ਵਧ ਕੇ ਅਗਵਾਈ ਕਰੇਗਾ ਭਾਰਤ
ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਜਵਾਬ | 38-41

ਈਟੀ (ET) ਨਾਓ ਸਮਿਟ 2026 : ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੰਬੋਧਨ
...ਇਸੇ ਲਈ ਪੂਰੀ ਵਿਵਸਥਾ ਬਦਲਣ 'ਤੇ ਕੀਤਾ ਕੰਮ | 42-43

ਸੁਰੱਖਿਆ ਅਤੇ ਵਿਕਾਸ ਦਾ ਨਵਾਂ ਅਧਿਆਏ
ਪ੍ਰਧਾਨ ਮੰਤਰੀ ਮੋਦੀ ਨੇ ਅਸਾਮ ਦੌਰੇ 'ਤੇ ਦਿੱਤੇ ਵਿਕਾਸ ਦੇ ਤੋਹਫੇ | 44-45

ਇੰਡੀਆ ਏਆਈ ਇੰਪੈਕਟ ਸਮਿਟ –ਐਕਸਪੋ 2026
ਨਵੇਂ ਵਿਚਾਰ, ਨਵੀਨਤਾ ਅਤੇ ਇਰਾਦਿਆਂ ਦਾ ਮਜ਼ਬੂਤ ਸੰਗਮ | 46-47

.... ਤਾਂ ਜੋ ਵਿਕਾਸ ਦੀ ਪ੍ਰੇਰਣਾਦਾਇਕ ਸ਼ਕਤੀ ਬਣ ਕੇ ਅਗਵਾਈ ਕਰੇ ਅੱਧੀ ਆਬਾਦੀ
ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਵਿਸ਼ੇਸ਼ | 48-51

ਮੈਤ੍ਰੀ ਤੋਂ ਰਣਨੀਤਿਕ ਸਾਂਝੇਦਾਰੀ ਤੱਕ
ਪ੍ਰਧਾਨ ਮੰਤਰੀ ਮੋਦੀ ਦੇ ਦੋ ਦਿਨਾਂ ਮਲੇਸ਼ੀਆ ਦੌਰੇ 'ਤੇ ਹੋਏ ਮਹੱਤਵਪੂਰਨ ਸਮਝੌਤੇ | 52-53

ਭਾਰਤ –ਅਮਰੀਕਾ ਵਪਾਰ ਸਮਝੌਤੇ ਨਾਲ ਖੁੱਲ੍ਹੇ ਨਵੇਂ ਮੌਕੇ
ਵਿਸ਼ਵ ਦੀਆਂ ਦੋ ਸਭ ਤੋਂ ਵੱਡੀਆਂ ਲੋਕਤੰਤਰੀ ਅਤੇ ਆਰਥਿਕ ਸ਼ਕਤੀਆਂ ਦੇ ਦਰਮਿਆਨ ਹੋਇਆ ਸਮਝੌਤਾ | 54-56

ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਪ੍ਰਿਟਿੰਗ:** ਚੰਦੂ ਪ੍ਰੈੱਸ 469, ਪਟਪੜਗੰਜ ਇੰਡਸਟ੍ਰੀਅਲ ਅਸਟੇਟ, ਦਿੱਲੀ-110092 । **ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –** responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808

ਸੰਪਾਦਕ ਦੀ ਕਲਮ ਤੋਂ...

'ਪ੍ਰਗਤੀ'

ਵਿਕਾਸ ਦੀ ਗਤੀ ਦਾ ਪਰਿਵਰਤਨਸ਼ੀਲ ਮੰਚ

ਸਾਦਰ ਨਮਸਕਾਰ।

ਜਨ ਸ਼ਕਤੀ ਕਿਸੇ ਵੀ ਸਰਕਾਰ ਦੀ ਸ਼ਕਤੀ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ। ਪਰ ਅਜਿਹੇ ਵਿੱਚ ਨਾਗਰਿਕਾਂ ਦੀ ਸੁਵਿਧਾ ਲਈ ਸ਼ੁਰੂ ਕੀਤੇ ਗਏ ਭਲਾਈ ਪ੍ਰੋਜੈਕਟਸ ਜੇਕਰ ਸਮੇਂ ਸਿਰ ਸਾਕਾਰ ਨਹੀਂ ਹੁੰਦੇ ਤਾਂ ਉਸ ਦਾ ਸਿੱਧਾ ਅਸਰ ਰਾਸ਼ਟਰ ਦੀ ਪ੍ਰਗਤੀ 'ਤੇ ਪੈਂਦਾ ਹੈ। ਇੱਕ ਸਮਾਂ ਸੀ ਜਦੋਂ ਪ੍ਰੋਜੈਕਟਸ ਸ਼ੁਰੂ ਤਾਂ ਹੁੰਦੇ ਸਨ ਪਰ ਪੂਰੇ ਨਹੀਂ ਹੋ ਪਾਉਂਦੇ ਸਨ। ਸਬੰਧਿਤ ਵਿਭਾਗਾਂ ਅਤੇ ਹੋਰ ਹਿਤਧਾਰਕਾਂ ਦੇ ਦਰਮਿਆਨ ਤਾਲਮੇਲ ਦੀ ਘਾਟ ਕਾਰਨ ਨਾ ਤਾਂ ਸਮੱਸਿਆਵਾਂ ਦਾ ਹੱਲ ਹੋ ਪਾਉਂਦਾ ਸੀ ਅਤੇ ਨਾ ਹੀ ਉਚਿਤ ਮੌਨੀਟਰਿੰਗ। ਇਸ ਕਾਰਨ ਵਿਕਾਸ ਦੀ ਗਤੀ ਰੁਕ ਜਾਂਦੀ ਸੀ, ਪ੍ਰੋਜਕੈਟਾਂ ਦੀ ਲਾਗਤ ਵਧਦੀ ਰਹਿੰਦੀ ਸੀ। ਅਜਿਹੇ ਵਿੱਚ ਮੌਜੂਦਾ ਕੇਂਦਰ ਸਰਕਾਰ ਨੇ ਮਾਰਚ 2015 ਵਿੱਚ ਤਕਨੀਕ 'ਤੇ ਅਧਾਰਿਤ ਇੱਕ ਅਜਿਹੇ ਬਹੁ- ਆਯਾਮੀ ਮੰਚ- ਪ੍ਰਗਤੀ (ਪ੍ਰੋ- ਐਕਟਿਵ ਗਵਰਨੈਂਸ ਐਂਡ ਟਾਇਮਲੀ ਇੰਪਲੀਮੈਂਟੇਸ਼ਨ) ਦੀ ਪਹਿਲ ਕੀਤੀ ਜੋ ਕਿ ਬੀਤੇ ਇੱਕ ਦਹਾਕੇ ਦੀ ਯਾਤਰਾ ਵਿੱਚ ਗੇਮ ਚੇਂਜਰ ਬਣ ਗਈ ਹੈ। ਪ੍ਰਗਤੀ ਮੰਚ 'ਤੇ ਆਉਣ ਵਾਲੇ ਸਾਰੇ ਪ੍ਰੋਜੈਕਟਾਂ ਦੀ ਸਮੀਖਿਆ ਖੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਦੇ ਹਨ, ਜਿਸ ਵਿੱਚ ਸਬੰਧਿਤ ਵਿਭਾਗ, ਮੰਤਰਾਲੇ, ਰਾਜ ਦੇ ਅਧਿਕਾਰੀ ਅਤੇ ਸਾਰੇ ਹਿਤਧਾਰਕ ਸ਼ਾਮਲ ਹੁੰਦੇ ਹਨ। ਇੱਥੇ ਸਮੱਸਿਆਵਾਂ ਦਾ ਉਚਿਤ ਹੱਲ ਕਰਦੇ ਹੋਏ ਪ੍ਰੋਜੈਕਟਾਂ ਨੂੰ ਗਤੀ ਦਿੱਤੀ ਜਾਂਦੀ ਹੈ।

ਪਿਛਲੇ ਦਸ ਵਰ੍ਹਿਆਂ ਵਿੱਚ ਇਸ ਮੰਚ ਨੇ ਨਿਰੰਤਰ ਸਮੀਖਿਆ, ਸਮਾਂਬੱਧ ਲਾਗੂਕਰਨ ਅਤੇ ਸਪਸ਼ਟ ਦਿਸ਼ਾ ਨਾਲ ਦੇਸ਼ ਦੇ ਵਿਕਾਸ ਨੂੰ ਗਤੀ ਦਿੱਤੀ ਹੈ। ਹਾਲ ਹੀ ਵਿੱਚ ਪ੍ਰਗਤੀ ਦੀ 50ਵੀਂ ਬੈਠਕ ਸੰਪੰਨ ਹੋਈ। ਹੁਣ ਤੱਕ ਇਸ ਮੰਚ ਨੇ 85 ਲੱਖ ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 382 ਰਾਸ਼ਟਰੀ ਪੱਧਰ ਦੇ ਪ੍ਰੋਜੈਕਟਾਂ ਨੂੰ ਨਵੀਂ ਸਪੀਡ ਅਤੇ ਸਕੇਲ ਦਿੱਤਾ ਹੈ। ਪ੍ਰਗਤੀ ਮੰਚ ਅੱਜ ਸਮੇਂ 'ਤੇ ਪੂਰੇ ਹੋਣ ਵਾਲੇ ਕੰਮਾਂ ਦਾ ਵਿਕਲਪ ਬਣ ਗਿਆ ਹੈ। ਔਕਸਫੋਰਡ ਦੇ ਸੈਦ ਬਿਜ਼ਨਸ ਸਕੂਲ ਨੇ ਵੀ ਆਪਣੇ ਅਧਿਐਨ ਵਿੱਚ ਇਸ ਪਹਿਲ ਨੂੰ ਪਰਿਵਰਤਨਸ਼ੀਲ ਦੱਸਿਆ ਹੈ। ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦੀ ਦਿਸ਼ਾ ਵਿੱਚ 'ਪ੍ਰਗਤੀ' ਦੀ ਪ੍ਰਾਸੰਗਿਕਤਾ ਹੋਰ ਵਧ ਗਈ ਹੈ। ਇਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਪਰਮਵੀਰ ਚੱਕਰ ਨਾਲ ਸਨਮਾਨਿਤ ਰਾਈਫਲ ਮੈਨ ਸੰਜੈ ਕੁਮਾਰ, ਭਾਰਤ –ਅਮਰੀਕਾ ਅੰਤਰਿਮ ਵਪਾਰ ਸਮਝੌਤੇ 'ਤੇ ਵਿਸ਼ੇਸ਼ ਸਮੱਗਰੀ, ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਵਾਬ ਦੇ ਸੰਪਾਦਿਤ ਅੰਸ਼, ਉਨ੍ਹਾਂ ਦੇ ਮਲੇਸ਼ੀਆ ਦੌਰੇ, ਪਰੀਕਸ਼ਾ ਪੇ ਚਰਚਾ ਸਮੇਤ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 10 ਮਾਰਚ ਨੂੰ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਦੇ ਸਥਾਪਨਾ ਦਿਵਸ ਅਤੇ ਬੈਕ ਕਵਰ 'ਤੇ 15 ਮਾਰਚ ਨੂੰ ਵਿਸ਼ਵ ਉਪਭੋਗਤਾ ਅਧਿਕਾਰ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

ਆਪਕੀ ਬਾਤ ...



ਪੱਤ੍ਰਿਕਾ ਵਿੱਚ ਸ਼ਾਮਲ ਸਮੱਗਰੀ ਕਾਫੀ ਪ੍ਰੇਰਣਾਦਾਇਕ, ਪੜ੍ਹ ਕੇ ਖੁਸ਼ੀ ਹੋਈ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹ ਕੇ ਬਹੁਤ ਖੁਸ਼ੀ ਹੋਈ। ਇਸ ਪੱਤ੍ਰਿਕਾ ਵਿੱਚ ਸ਼ਾਮਲ ਜਾਣਕਾਰੀ ਚੰਗੀ ਹੈ।ਨਾਲ ਹੀ ਭਾਰਤ ਦੇ ਲੋਕਾਂ ਨੂੰ ਹੋਰ ਨੇੜੇ ਲਿਆਉਣ ਦੇ ਲਈ ਤੁਹਾਡਾ ਧੰਨਵਾਦ। ਇਸ ਵਿੱਚ ਸ਼ਾਮਲ ਸਮੱਗਰੀ ਵੀ ਬੇਹੱਦ ਪ੍ਰੇਰਕ ਲੱਗੀ। ਪ੍ਰਤਿਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਦੇ ਲਈ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦੀਆਂ ਖਬਰਾਂ ਉਪਯੋਗੀ (ਲਾਹੇਵੰਦ) ਹਨ। ਇਹ ਪੱਤ੍ਰਿਕਾ ਬਹੁਤ ਵਧੀਆ ਢੰਗ ਨਾਲ ਡਿਜ਼ਾਈਨ ਕੀਤੀ ਗਈ ਹੈ।

ਸ਼੍ਰੀ ਕ੍ਰਿਸ਼ਣ ਮੰਡਲ

ਦੇਸ਼ ਦੇ ਵਿਕਾਸ ਦੇ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਦੀ ਸਹੀ ਜਾਣਕਾਰੀ

ਵਿਸ਼ੇਸ਼ ਅਤੇ ਮਹੱਤਵਪੂਰਨ ਜਾਣਕਾਰੀ ਦੇਣ ਵਾਲੀ ਪੱਤ੍ਰਿਕਾ ਪ੍ਰਕਾਸ਼ਿਤ ਕਰਨ ਲਈ ਨਿਊ ਇੰਡੀਆ ਸਮਾਚਾਰ ਦੀ ਪੂਰੀ ਟੀਮ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਨਾਗਰਿਕਾਂ ਨੂੰ ਵਧੀਆ ਢੰਗ ਨਾਲ ਜਾਣਕਾਰੀ ਦੇਣ ਦੀਆਂ ਕੋਸ਼ਿਸ਼ਾਂ ਵਿੱਚ ਤੁਹਾਨੂੰ ਲਗਾਤਾਰ ਸਫਲਤਾ ਮਿਲੇ। ਇਸ ਪੱਤ੍ਰਿਕਾ ਨੂੰ ਪੜ੍ਹਨ ਨਾਲ ਨੌਜਵਾਨਾਂ ਨੂੰ ਸਰਕਾਰੀ ਯੋਜਨਾਵਾਂ ਅਤੇ ਦੇਸ਼ ਦੇ ਵਿਕਾਸ ਦੇ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਦੀ ਸਾਫ ਅਤੇ ਸਹੀ ਸਮਝ ਮਿਲਦੀ ਹੈ।

thirubjp2020@gmail.com

ਭਾਰਤ ਸਰਕਾਰ ਦੀਆਂ ਯੋਜਨਾਵਾਂ ਬਾਰੇ ਵਿਸਤ੍ਰਿਤ ਅਤੇ ਭਰੋਸੇਮੰਦ ਜਾਣਕਾਰੀ

ਨਿਊ ਇੰਡੀਆ ਸਮਾਚਾਰ ਇੱਕ ਬਿਹਤਰੀਨ ਪੱਤ੍ਰਿਕਾ ਹੈ ਜੋ ਕਿ ਭਾਰਤ ਸਰਕਾਰ ਦੀਆਂ ਵੱਖ-ਵੱਖ ਪਹਿਲਕਦਮੀਆਂ ਅਤੇ ਸਕੀਮਾਂ ਬਾਰੇ ਵਿਸਤ੍ਰਿਤ ਅਤੇ ਭਰੋਸੇਮੰਦ ਜਾਣਕਾਰੀ ਦਿੰਦੀ ਹੈ। ਮੈਨੂੰ ਇਸ ਦਾ ਕੰਟੈਂਟ ਬਹੁਤ ਜਾਣਕਾਰੀ ਭਰਪੂਰ ਅਤੇ ਕੰਮ ਦਾ ਲੱਗਿਆ। ਭਾਰਤ ਖੁਸ਼ਕਿਸਮਤ ਰਿਹਾ ਹੈ ਕਿ ਉਸ ਨੂੰ ਇੰਨਾ ਮਜ਼ਬੂਤ ਅਤੇ ਜ਼ਿੰਮੇਵਾਰ ਪ੍ਰਧਾਨ ਮੰਤਰੀ ਮਿਲਿਆ ਹੈ ਜੋ ਸਾਰੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾ ਰਿਹਾ ਹੈ। ਨਿਊ ਇੰਡੀਆ ਸਮਾਚਾਰ ਇਨ੍ਹਾਂ ਗੱਲਾਂ ਨੂੰ ਨਾਗਰਿਕਾਂ ਦੇ ਸਾਹਮਣੇ ਸਪਸ਼ਟ ਤੌਰ 'ਤੇ ਪੇਸ਼ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ, ਜੋ ਕਿ ਸੱਚ ਵਿੱਚ ਕਾਬਿਲ-ਏ ਤਾਰੀਫ ਹੈ।

ਚੌਹਾਨ ਮੋਹਿਤ
mohit.cm1326@gmail.com

ਲੇਖ ਅਤੇ ਰਿਪੋਰਟ ਬਹੁਤ ਹੀ ਪ੍ਰੇਰਕ

ਹਾਲੇ ਨਿਊ ਇੰਡੀਆ ਸਮਾਚਾਰ ਦਾ ਅੰਕ ਪੜ੍ਹ ਰਿਹਾ ਸੀ। ਇਸ ਵਿੱਚ ਜੋ ਲੇਖ ਅਤੇ ਰਿਪੋਰਟ ਪੜੀ ਉਹ ਬਹੁਤ ਪ੍ਰੇਰਣਾਦਾਇਕ ਲੱਗੀ। ਨਾਲ ਹੀ, ਇਹ ਹੀ ਕਹਿਣਾ ਹੈ ਕਿ ਨਿਊ ਇੰਡੀਆ ਸਮਾਚਾਰ ਹਰ ਵਾਰ ਬਹੁਤ ਜਾਣਕਾਰੀ ਭਰਪੂਰ ਅਤੇ ਦਿਲਚਸਪ ਲੱਗਦੀ ਹੈ।

ਐੱਚ. ਸ਼ਰਮਾ
hsonai@hotmailcom

ਪ੍ਰੀਖਿਆ ਦੀ ਤਿਆਰੀ ਵਿੱਚ ਬਹੁਤ ਸਹਾਇਕ

ਮੈਂ ਸਿਵਿਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹਾਂ। ਮੈਂ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਇਹ ਪੱਤ੍ਰਿਕਾ ਮੇਰੀ ਪ੍ਰੀਖਿਆ ਦੀ ਤਿਆਰੀ ਵਿੱਚ ਬਹੁਤ ਮਦਦਗਾਰ ਸਾਬਤ ਹੋ ਰਹੀ ਹੈ। ਇਹ ਵਿਦਿਆਰਥੀਆਂ ਨੂੰ ਸਿੱਖਣ ਦੇ ਲਈ ਪ੍ਰੇਰਿਤ ਕਰਦੀ ਹੈ। ਇਸ ਪੱਤ੍ਰਿਕਾ ਰਾਹੀਂ ਉਮੀਦਵਾਰਾਂ ਨੂੰ ਭਾਰਤ ਦੇ ਵਿਕਾਸ ਅਤੇ ਪ੍ਰਗਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਬਹੁਤ ਮਦਦ ਮਿਲਦੀ ਹੈ। ਇਸ ਵਿੱਚ ਪ੍ਰਕਾਸ਼ਿਤ ਲੇਖ ਸਰਲ ਭਾਸ਼ਾ ਵਿੱਚ ਹੁੰਦੇ ਹਨ।

ਮੋਹਿਤ ਮੌਰਯ
studentindia72@gmail.com

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003
ਈਮੇਲ– response-nis@pib.gov.in

ਨਿਊ ਇੰਡੀਆ ਸਮਾਚਾਰ ਨੂੰ ਆਕਾਸ਼ਵਾਣੀ ਦੇ ਐੱਫਐੱਮ ਗੋਲਡ 'ਤੇ ਹਰ ਸ਼ਨੀਵਾਰ-ਐਤਵਾਰ ਨੂੰ ਦੁਪਹਿਰ 3:10 ਵਜੇ ਤੋਂ 3:25 ਵਜੇ ਤੱਕ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਸਮਾਚਾਰ ਸਾਰ

ਆਲ ਇੰਡੀਆ ਆਯੁਰਵੇਦ ਇੰਸਟੀਟਿਊਟ, ਨਵੀਂ ਦਿੱਲੀ ਵਿੱਚ ਮਿਲ ਸਕੇਗਾ ਕੈਸ਼ਲੈੱਸ ਇਲਾਜ

ਨਵੀਂ ਦਿੱਲੀ ਸਥਿਤ ਆਲ ਇੰਡੀਆ ਆਯੁਰਵੇਦ ਇੰਸਟੀਟਿਊਟ (ਏਆਈਆਈਏ) ਵਿੱਚ ਹੁਣ ਜਨਰਲ ਇੰਸ਼ੋਰੈਂਸ ਕੌਂਸਲ ਦੇ ਤਹਿਤ ਆਉਣ ਵਾਲੀਆਂ ਸਾਰੀਆਂ 32 ਜਨਰਲ ਇੰਸ਼ੋਰੈਂਸ ਕੰਪਨੀਆਂ ਦੇ ਮੈਡੀਕਲੇਮ ਦੇ ਤਹਿਤ ਮਰੀਜ਼ਾਂ ਨੂੰ ਕੈਸ਼ਲੈੱਸ ਇਲਾਜ ਦੀ ਸੁਵਿਧਾ ਮਿਲ ਸਕੇਗੀ। ਸੰਸਥਾਨ ਨੇ ਫਰਵਰੀ ਦੇ ਪਹਿਲੇ ਪਖਵਾੜੇ ਵਿੱਚ ਇਸ ਦੇ ਲਈ ਜਨਰਲ ਇੰਸ਼ੋਰੈਂਸ ਕੌਂਸਲ ਦੇ ਨਾਲ ਇੱਕ ਸਮਝੌਤਾ ਕੀਤਾ ਹੈ।

ਏਆਈਆਈਏ ਦੇ ਡਾਇਰੈਕਟਰ ਪ੍ਰੋਫੈਸਰ (ਵੈਧਯ) ਪੀ.ਕੇ. ਪ੍ਰਜਾਪਤੀ ਨੇ ਕਿਹਾ ਕਿ ਇਸ ਪਹਿਲ ਨਾਲ ਆਯੁਰਵੈਦਿਕ ਸਿਹਤ ਸੇਵਾਵਾਂ ਲੋਕਾਂ ਲਈ ਵਧੇਰੇ ਅਸਾਨੀ ਨਾਲ ਅਤੇ ਘੱਟ ਖਰਚ ਵਿੱਚ ਪਹੁੰਚਣਗੀਆਂ। ਇਸ ਨਾਲ ਮਰੀਜ਼ਾਂ ਦਾ ਭਰੋਸਾ ਵਧੇਗਾ ਅਤੇ ਉਨ੍ਹਾਂ ਨੂੰ ਬਿਹਤਰ ਲਾਭ ਮਿਲੇਗਾ। ਆਯੁਸ਼ ਮੰਤਰਾਲੇ ਨੇ ਪਹਿਲੀ ਵਾਰ, ਲਾਭਪਾਤਰੀ ਨੂੰ ਇੰਸ਼ੋਰੈਂਸ ਨਾਲ ਜੁੜੇ ਸਵਾਲਾਂ ਦੇ ਜਵਾਬ ਦੇਣ ਅਤੇ ਆਯੁਸ਼ ਇੰਸ਼ੋਰੈਂਸ ਕਵਰੇਜ ਦੇ ਬਾਰੇ ਜਾਗਰੂਕਤਾ ਵਧਾਉਣ ਦੇ ਲਈ ਆਯੁਸ਼ ਹੈਲਥ ਇੰਸ਼ੋਰੈਂਸ ਹੈਲਪਲਾਈਨ 1800-11-0008 ਸ਼ੁਰੂ ਕੀਤੀ ਹੈ।

ਸਾਈਬਰ ਅਪਰਾਧੀਆਂ ਤੋਂ 8,000 ਕਰੋੜ ਰੁਪਏ ਤੋਂ ਵੱਧ ਬਚਾਏ

ਦੇਸ਼ ਵਿੱਚ ਡਿਜੀਟਲ ਸੇਵਾਵਾਂ ਵਧਣ ਦੇ ਨਾਲ-ਨਾਲ ਔਨਲਾਈਨ ਠਗੀ ਦੇ ਵੀ ਨਵੇਂ- ਨਵੇਂ ਤਰੀਕੇ ਕੱਢੇ ਜਾ ਰਹੇ ਹਨ। ਇਹੀ ਕਾਰਨ ਹੈ ਕਿ ਵਧਦੀ ਸਾਈਬਰ ਠੱਗੀ ਤੋਂ ਨਾਗਰਿਕਾਂ ਨੂੰ ਬਚਾਉਣ ਲਈ ਸਰਕਾਰ ਨੇ ਕਈ ਪੱਧਰਾਂ 'ਤੇ ਯਤਨ ਕੀਤੇ ਹਨ। ਇਸੇ ਦਿਸ਼ਾ ਵਿੱਚ ਭਾਰਤੀ ਸਾਈਬਰ ਕ੍ਰਾਈਮ ਤਾਲਮੇਲ ਕੇਂਦਰ (ਆਈ4ਸੀ) ਦੀ ਸ਼ੁਰੂਆਤ ਕੀਤੀ ਗਈ ਹੈ। ਆਈ4ਸੀ ਦੇ ਤਹਿਤ ਹਰ ਤਰ੍ਹਾਂ ਦੇ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ **(https://cybercrime.gov.in)** ਦੇ ਨਾਲ ਹੀ ਨਾਗਰਿਕ ਵਿੱਤੀ ਸਾਈਬਰ ਧੋਖਾਧੜੀ ਰਿਪੋਰਟਿੰਗ ਅਤੇ ਪ੍ਰਬੰਧਨ ਪ੍ਰਣਾਲੀ (ਸੀਐੱਫਸੀਐੱਫਆਰਐੱਮਐੱਸ) ਦੀ ਸ਼ੁਰੂਆਤ 2021 ਵਿੱਚ ਕੀਤੀ ਗਈ ਸੀ। ਇਸ ਦੇ ਅਨੁਸਾਰ 31 ਦਸੰਬਰ, 2025 ਤੱਕ ਦੇਸ਼ ਵਿੱਚ 23.61 ਲੱਖ ਤੋਂ ਵੱਧ ਸ਼ਿਕਾਇਤਾਂ ਵਿੱਚ 8,189 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਬਚਾਈ ਜਾ ਚੁੱਕੀ ਹੈ। ਔਨਲਾਈਨ ਸਾਈਬਰ ਸ਼ਿਕਾਇਤਾਂ ਦਰਜ ਕਰਨ ਵਿੱਚ ਸਹਾਇਤਾ ਲਈ ਟੋਲ-ਫ੍ਰੀ ਹੈਲਪਲਾਈਨ ਨੰਬਰ '1930' ਵੀ ਚਲਾਇਆ ਜਾ ਰਿਹਾ ਹੈ।

ਭਾਰਤ ਕਰੇਗਾ 6-ਜੀ ਵਿੱਚ ਵਿਸ਼ਵ ਦੀ ਅਗਵਾਈ

ਭਾਰਤ ਹੁਣ ਤਕਨਾਲੋਜੀ ਦੇ ਮਾਮਲੇ ਵਿੱਚ ਫਾਲੋਅਰਜ਼ ਨਹੀਂ ਸਗੋਂ ਆਲਮੀ ਪੱਧਰ 'ਤੇ ਅਗਵਾਈ ਕਰਤਾ ਦੇ ਰੂਪ ਵਿੱਚ ਉੱਭਰ ਰਿਹਾ ਹੈ। ਭਾਰਤ ਦੀ ਸੰਚਾਰ ਕ੍ਰਾਂਤੀ ਹੁਣ ਸਿਰਫ਼ ਮਹਾਨਗਰਾਂ ਤੱਕ ਸੀਮਤ ਨਹੀਂ ਹੈ ਸਗੋਂ ਪਿੰਡਾਂ ਤੱਕ ਪਹੁੰਚ ਰਹੀ ਹੈ ਜਿਸ ਨਾਲ ਨਾਗਰਿਕਾਂ ਦੇ ਜੀਵਨ, ਸਿੱਖਿਆ, ਸਿਹਤ ਅਤੇ ਆਜੀਵਿਕਾ ਦੇ ਪੱਧਰਾਂ ਵਿੱਚ ਤਬਦੀਲੀ ਆਈ ਹੈ। ਸੰਚਾਰ ਅਤੇ ਉੱਤਰ ਪੂਰਬ ਖੇਤਰ ਵਿਕਾਸ ਮੰਤਰੀ ਜਯੋਤਿਰਾਦਿੱਤਿਆ ਐੱਮ. ਸਿੰਧੀਆ ਨੇ ਸੰਸਦ ਵਿੱਚ ਕਿਹਾ ਕਿ ਭਾਰਤ ਨੇ 4-ਜੀ ਵਿੱਚ ਦੁਨੀਆ ਨੂੰ ਫਾਲੋ ਕੀਤਾ, 5-ਜੀ ਵਿੱਚ ਦੁਨੀਆ ਦੇ ਨਾਲ ਕਦਮ ਮਿਲਾਇਆ ਅਤੇ 6-ਜੀ ਵਿੱਚ ਦੁਨੀਆ ਦੀ ਅਗਵਾਈ ਕਰੇਗਾ।

ਭਾਰਤ ਨੇ ਵਿਸ਼ਵ ਵਿੱਚ ਸਭ ਤੋਂ ਤੇਜ਼ ਗਤੀ ਨਾਲ 5-ਜੀ ਸੇਵਾ ਸ਼ੁਰੂ ਕੀਤੀ ਹੈ। ਸਿਰਫ਼ 22 ਮਹੀਨਿਆਂ ਵਿੱਚ ਦੇਸ਼ ਦੇ 99.9 ਪ੍ਰਤੀਸ਼ਤ ਜ਼ਿਲ੍ਹਿਆਂ ਵਿੱਚ 5-ਜੀ ਸੇਵਾਵਾਂ ਸ਼ੁਰੂ ਹੋ ਚੁੱਕੀਆਂ ਹਨ। ਦੇਸ਼ ਵਿੱਚ ਹਾਲੇ 40 ਕਰੋੜ ਨਾਗਰਿਕ 5 ਜੀ ਤੋਂ ਲਾਭ ਲੈ ਚੁੱਕੇ ਹਨ, ਵਰ੍ਹੇ 2030 ਤੱਕ, 1 ਅਰਬ ਨਾਗਰਿਕਾਂ ਨੂੰ 5-ਜੀ ਕਨੈਕਟੀਵਿਟੀ ਦੀ ਸੁਵਿਧਾ ਮਿਲੇਗੀ।

ਭਾਰਤ ਦੀਆਂ ਕ੍ਰਿਕੇਟ ਸ਼ਖਸੀਅਤਾਂ ਦੀ ਚਮਕ

ਭਾਰਤ ਦਾ ਸਪੋਰਟਸ ਈਕੋਸਿਸਟਮ ਬੀਤੇ ਦਹਾਕੇ ਵਿੱਚ ਕਾਫੀ ਮਜ਼ਬੂਤ ਹੋਇਆ ਹੈ। ਭਾਵੇਂ ਆਈਸੀਸੀ ਮਹਿਲਾ ਵਰਲਡ ਕੱਪ 2025 ਹੋਵੇ, ਨੇਤਰਹੀਣ ਮਹਿਲਾ ਟੀ -20 ਵਰਲਡ ਕੱਪ, ਆਈਸੀਸੀ ਚੈਂਪੀਅਨ ਟ੍ਰੌਫੀ ਹੋਵੇ ਜਾਂ ਏਸ਼ੀਆ ਕੱਪ 2025 ਦਾ ਜਿੱਤਣਾ, ਸਾਡੇ ਖਿਡਾਰੀ ਆਲਮੀ ਪੱਧਰ 'ਤੇ ਲੋਹਾ ਮਨਵਾ ਰਹੇ ਹਨ। ਨਵਾਂ ਮਾਣ ਅੰਡਰ -19 ਕ੍ਰਿਕੇਟ ਟੀਮ ਨੇ ਦਿੱਤਾ ਹੈ ਜਿਸ ਨੇ ਰਿਕਾਰਡ ਛੇਵੀਂ ਵਾਰ ਇੱਕ ਦਿਨਾਂ ਵਰਲਡ ਕੱਪ ਜਿੱਤਿਆ ਹੈ। ਇਹ ਜਿੱਤ ਜ਼ਿੰਬਾਬਵੇ ਦੇ ਹਰਾਰੇ (Harare) ਵਿੱਚ ਹਾਸਲ ਕੀਤੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ, "ਵਰਲਡ ਕੱਪ ਘਰ ਲਿਆਉਣ ਲਈ ਸਾਡੀ ਅੰਡਰ- 19 ਟੀਮ 'ਤੇ ਮਾਣ ਹੈ। ਟੀਮ ਨੇ ਪੂਰੇ ਟੂਰਨਾਮੈਂਟ ਵਿੱਚ ਬਹੁਤ ਵਧੀਆ ਖੇਡਿਆ ਹੈ ਅਤੇ ਅਸਾਧਾਰਣ ਕੌਸ਼ਲ ਦਿਖਾਇਆ ਹੈ। ਇਹ ਜਿੱਤ ਕਈ ਯੁਵਾ ਖਿਡਾਰੀਆਂ ਨੂੰ ਵੀ ਪ੍ਰੇਰਿਤ ਕਰੇਗੀ। ਖਿਡਾਰੀਆਂ ਨੂੰ ਆਉਣ ਵਾਲੇ ਯਤਨਾਂ ਲਈ ਸ਼ੁਭਕਾਮਨਾਵਾਂ।" ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਣਨ ਨੇ ਵੀ ਯੁਵਾ ਚੈਂਪੀਅਨਸ ਨੂੰ ਵਧਾਈ ਦਿੱਤੀ।

ਭਾਰਤੀਯ ਅੰਤਰਿਕਸ਼ ਸਟੇਸ਼ਨ

ਵੱਲ ਵਧਦੇ ਕਦਮ...

ਭਾਰਤੀ ਪੁਲਾੜ ਖੋਜ ਸੰਗਠਨ (ਈਸਰੋ) ਨੇ ਭਾਰਤੀ ਪੁਲਾੜ ਸਟੇਸ਼ਨ ਦੇ ਪੰਜ ਮੌਡਿਊਲ ਨਾਲ ਲੈਸ ਸੰਪੂਰਨ ਸੰਰਚਨਾ ਤਿਆਰ ਕਰ ਲਈ ਹੈ। ਸਮੀਖਿਆ ਤੋਂ ਬਾਅਦ ਇਸ ਦੇ ਪਹਿਲੇ ਮੌਡਿਊਲ ਨੂੰ ਮਨਜ਼ੂਰੀ ਦਿੱਤੀ ਗਈ। ਵਰ੍ਹੇ 2028 ਤੱਕ ਭਾਰਤੀਯ ਅੰਤਰਿਕਸ਼ ਸਟੇਸ਼ਨ (ਬੀਏਐੱਸ- 01) ਦੇ ਪਹਿਲੇ ਮੌਡਿਊਲ ਦੇ ਵਿਕਾਸ ਅਤੇ ਲਾਂਚ ਦੀ ਤਿਆਰੀ ਜਾਰੀ ਹੈ। ਈਸਰੋ ਦੇ ਵੱਖ-ਵੱਖ ਕੇਂਦਰਾਂ ਵਿੱਚ ਭਾਰਤੀਯ ਅੰਤਰਿਕਸ਼ ਸਟੇਸ਼ਨ (ਬੀਏਐੱਸ -01) ਦੀ ਸੰਪੂਰਨ ਪ੍ਰਣਾਲੀ ਇੰਜੀਨੀਅਰਿੰਗ ਅਤੇ ਉਸ ਦੀਆਂ ਵੱਖ-ਵੱਖ ਉਪ- ਪ੍ਰਣਾਲੀਆਂ ਦੇ ਤਕਨੀਕੀ ਵਿਕਾਸ ਦਾ ਕੰਮ ਪ੍ਰਗਤੀ 'ਤੇ ਹੈ। ਭਾਰਤੀਯ ਅੰਤਰਿਕਸ਼ ਸਟੇਸ਼ਨ ਉੱਨਤ ਜੀਵਨ-ਰੱਖਿਅਕ ਪ੍ਰਣਾਲੀਆਂ ਅਤੇ ਆਧੁਨਿਕ ਤਕਨੀਕਾਂ ਨਾਲ ਲੈਸ ਹੋਵੇਗਾ। ਇਹ ਲੋਅ ਅਰਥ ਓਰਬਿਟ (low Earth orbit) ਵਿੱਚ ਲੰਬੇ ਸਮੇਂ ਤੱਕ ਮਨੁੱਖ ਦੇ ਰਹਿਣ ਨੂੰ ਸੰਭਵ ਬਣਾਏਗਾ। ਇਸ ਰਾਹੀਂ ਉੱਨਤ ਵਿਗਿਆਨਿਕ ਖੋਜ ਅਤੇ ਨਵੀਆਂ ਤਕਨੀਕਾਂ ਦਾ ਪ੍ਰੀਖਣ ਕੀਤਾ ਜਾ ਸਕੇਗਾ, ਜਿਨ੍ਹਾਂ ਦਾ ਸਮਾਜ ਅਤੇ ਅਰਥਵਿਵਸਥਾ 'ਤੇ ਸਕਾਰਾਤਮਕ ਪ੍ਰਭਾਵ ਪੈ ਸਕਦਾ ਹੈ। ਨਾਲ ਹੀ ਇਹ ਲੋਅ ਅਰਥ ਓਰਬਿਟ ਤੋਂ ਅੱਗੇ ਦੇ ਭਾਰਤੀ ਮਨੁੱਖੀ ਪੁਲਾੜ ਅਭਿਆਨਾਂ ਨੂੰ ਵੀ ਸਹਿਯੋਗ ਦੇਵੇਗਾ। ਸਰਕਾਰ ਨੇ ਪਹਿਲਾਂ ਦੇ ਮਿਸ਼ਨਾਂ ਬੀਏਐੱਸ-1 ਦੇ ਵਿਕਾਸ ਅਤੇ ਲਾਂਚ ਨੂੰ ਗਗਨਯਾਨ ਪ੍ਰੋਗਰਾਮ ਦੇ ਸੰਸ਼ੋਧਿਤ ਦਾਇਰੇ ਵਿੱਚ ਸ਼ਾਮਲ ਕਰਦੇ ਹੋਏ ਇਸ ਦਾ ਬਜਟ 20,193 ਕਰੋੜ ਰੁਪਏ ਕਰ ਦਿੱਤਾ ਹੈ।

260 ਵੰਦੇ ਭਾਰਤ ਸਲੀਪਰ ਟ੍ਰੇਨ ਸੈੱਟ ਬਣਨਗੇ

ਲੜੀਬੱਧ ਢੰਗ ਨਾਲ ਸੇਵਾ ਵਿੱਚ ਆਉਣਗੇ

ਭਾਰਤੀ ਰੇਲਵੇ ਨਿਰੰਤਰ ਆਧੁਨਿਕ ਹੋ ਰਹੀ ਹੈ। ਸਲਾਨਾ 720 ਕਰੋੜ ਤੋਂ ਵੱਧ ਯਾਤਰੀਆਂ ਦੀ ਆਵਾਜਾਈ ਨੂੰ ਸੰਭਾਲਦੀ ਹੈ। ਵੰਦੇ ਭਾਰਤ, ਨਮੋ ਭਾਰਤ ਅਤੇ ਅੰਮ੍ਰਿਤ ਭਾਰਤ ਟ੍ਰੇਨ ਦੇ ਰੂਪ ਵਿੱਚ ਲਗਾਤਾਰ ਸੇਵਾਵਾਂ ਵਧਾਈਆਂ ਜਾ ਰਹੀਆਂ ਹਨ। ਇਸੇ ਕੜੀ ਵਿੱਚ ਵੰਦੇ ਭਾਰਤ ਸਲੀਪਰ ਟ੍ਰੇਨ ਦੀ ਸ਼ੁਰੂਆਤ ਹਾਲ ਹੀ ਵਿੱਚ ਕੀਤੀ ਗਈ ਹੈ। ਸਰਕਾਰ ਇਸ ਦੇ ਵਿਸਤਾਰ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਕੇਂਦਰੀ ਰੇਲ, ਸੂਚਨਾ ਅਤੇ ਪ੍ਰਸਾਰਣ ਅਤੇ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਦੱਸਿਆ ਕਿ ਸਰਕਾਰ ਸੁਰੱਖਿਅਤ, ਭਰੋਸੇਮੰਦ ਅਤੇ ਆਰਾਮਦਾਇਕ ਵੰਦੇ ਭਾਰਤ ਸਲੀਪਰ ਟ੍ਰੇਨ ਸੈੱਟ ਤਿਆਰ ਕਰ ਰਹੀ ਹੈ। ਵੰਦੇ ਭਾਰਤ ਸਲੀਪਰ ਟ੍ਰੇਨ ਨਿਰਮਾਣ ਪ੍ਰੋਗਰਾਮ ਨੂੰ ਬੀਈਐੱਮਐੱਲ ਅਤੇ ਇੰਟੀਗ੍ਰੇਲ ਕੋਚ ਫੈਕਟਰੀ ਅਤੇ ਤਕਨੀਕੀ ਸਾਂਝੇਦਾਰਾਂ ਦੁਆਰਾ ਪ੍ਰੋਟੋਟਾਈਪ ਵਿਕਾਸ, ਪ੍ਰੀਖਣ ਅਤੇ ਲੜੀ ਉਤਪਾਦਨ ਰਾਹੀਂ ਲੜੀਬੱਧ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਕੁੱਲ 260 ਰੈਕ ਦੇ ਨਿਰਮਾਣ ਦੀ ਯੋਜਨਾ ਹੈ ਜਿਨ੍ਹਾਂ ਨੂੰ ਮੰਗ ਅਤੇ ਕਾਰਜਸ਼ੀਲਤਾ ਦੇ ਅਧਾਰ 'ਤੇ ਲੜੀਬੱਧ ਢੰਗ ਨਾਲ ਸੇਵਾ ਵਿੱਚ ਲਿਆਂਦਾ ਜਾਵੇਗਾ।

ਦੁਸ਼ਮਣ ਦੇ ਹਥਿਆਰ ਨਾਲ ਹੀ ਕੀਤਾ ਉਨ੍ਹਾਂ ਦਾ ਸਫਾਇਆ

ਜਨਮ : 3 ਮਾਰਚ, 1976

ਅਸਾਧਾਰਣ ਬਹਾਦਰੀ ਲਈ ਪਰਮਵੀਰ ਚੱਕਰ ਨਾਲ ਸਨਮਾਨਿਤ ਰਾਈਫਲਮੈਨ ਸੰਜੈ ਕੁਮਾਰ ਨੇ ਕਾਰਗਿਲ ਯੁੱਧ ਦੇ ਦੌਰਾਨ ਅਦੁੱਤੀ ਸ਼ੌਰਯ ਦਾ ਪ੍ਰਦਰਸ਼ਨ ਕਰਦੇ ਹੋਏ ਦੁਸ਼ਮਣ ਨੂੰ ਉਸੇ ਦੇ ਹਥਿਆਰ ਨਾਲ ਧੂੜ ਚਟਾਈ। ਲਹੂ-ਲੁਹਾਨ ਹੋਣ ਦੇ ਬਾਵਜੂਦ ਇਸ ਵੀਰ ਜਵਾਨ ਨੇ ਯੁੱਧ ਭੂਮੀ ਤੋਂ ਵਾਪਸ ਆਉਣ ਤੋਂ ਮਨ੍ਹਾ ਕਰ ਦਿੱਤਾ। ਉਦੋਂ ਤੱਕ ਦੁਸ਼ਮਣਾਂ ਨਾਲ ਲੜਦੇ ਰਹੇ, ਜਦੋਂ ਤੱਕ ਪੁਆਇੰਟ ਫਲੈਟ ਟੌਪ ਦੁਸ਼ਮਣਾਂ ਤੋਂ ਪੂਰੀ ਤਰ੍ਹਾਂ ਨਾਲ ਖਾਲੀ ਨਹੀਂ ਕਰਵਾ ਲਿਆ ...

ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦੇ ਕਲੋਲ ਬਕੈਣ ਪਿੰਡ ਵਿੱਚ 3 ਮਾਰਚ 1976 ਨੂੰ ਪੈਦਾ ਹੋਏ ਸੰਜੈ ਕੁਮਾਰ ਤਿੰਨ ਭੈਣਾਂ ਅਤੇ ਦੋ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਉਨ੍ਹਾਂ ਨੇ ਬਚਪਨ ਤੋਂ ਹੀ ਸੈਨਾ ਵਿੱਚ ਜਾਣ ਦਾ ਸੁਪਨਾ ਸੰਜੋਇਆ ਸੀ। 1965 ਦੇ ਭਾਰਤ- ਪਾਕਿਸਤਾਨ ਯੁੱਧ ਵਿੱਚ ਸ਼ਾਮਲ ਰਹੇ ਆਪਣੇ ਚਾਚਾ ਅਤੇ ਸੈਨਾ ਵਿੱਚ ਭਰਤੀ ਹੋਰ ਪਿੰਡ ਵਾਲਿਆਂ ਦੇ ਦੁਆਰਾ ਸੁਣਾਈਆਂ ਗਈਆਂ ਯੁੱਧ ਦੀਆਂ ਬਹਾਦਰੀ ਪੂਰਣ ਕਹਾਣੀਆਂ ਨੇ ਉਨ੍ਹਾਂ ਨੂੰ ਸੈਨਾ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਦ੍ਰਿੜ੍ਹ ਸੰਕਲਪ ਵਾਲੇ ਸੰਜੈ ਕੁਮਾਰ ਆਖਰਕਾਰ 1996 ਵਿੱਚ ਸਫਲ ਹੋਏ ਅਤੇ ਜੰਮੂ ਅਤੇ ਕਸ਼ਮੀਰ ਰਾਈਫਲਜ਼ ਦੀ 13ਵੀਂ ਬਟਾਲੀਅਨ ਵਿੱਚ ਇੱਕ ਸਿਪਾਹੀ ਦੇ ਰੂਪ ਵਿੱਚ ਸ਼ਾਮਲ ਹੋ ਗਏ।

4 ਜੁਲਾਈ 1999 ਨੂੰ 13 ਜੰਮੂ –ਕਸ਼ਮੀਰ ਰਾਈਫਲਜ਼ ਦੀ ਇੱਕ ਕੰਪਨੀ ਦੇ ਲੀਡਿੰਗ ਸਕਾਉਟ ਵਿੱਚ ਸ਼ਾਮਲ ਰਾਈਫਲਮੈਨ ਸੰਜੈ ਕੁਮਾਰ ਨੂੰ ਜੰਮੂ-ਕਸ਼ਮੀਰ ਦੀ ਮੁਸ਼ਕੋਹ ਘਾਟੀ ਨੂੰ ਦੁਸ਼ਮਣਾਂ ਦੇ ਸ਼ਿਕੰਜੇ ਤੋਂ ਛੁੜਾਉਣ ਲਈ ਭੇਜਿਆ ਗਿਆ। ਚੋਟੀ 'ਤੇ ਪਹੁੰਚਣ ਤੋਂ ਬਾਅਦ, ਉਹ ਦੁਸ਼ਮਣ ਸੈਨਾ ਦੇ ਇੱਕ ਬੰਕਰ ਤੋਂ ਕੀਤੀ ਜਾ ਰਹੀ ਜ਼ਬਰਦਸਤ ਗੋਲੀਬਾਰੀ ਦੀ ਚਪੇਟ ਵਿੱਚ ਆ ਗਏ। ਆਹਮਣੇ-ਸਾਹਮਣੇ ਦੀ ਲੜਾਈ ਵਿੱਚ ਉਨ੍ਹਾਂ ਨੇ ਤਿੰਨ ਘੁਸਪੈਠੀਆਂ ਨੂੰ ਮਾਰ ਸੁੱਟਿਆ ਅਤੇ ਖੁਦ ਵੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਇਸ ਕਾਰਵਾਈ ਨਾਲ ਦੁਸ਼ਮਣ ਦੇ ਸੈਨਿਕ ਬਿਲਕੁਲ ਹੈਰਾਨ ਰਹਿ ਗਏ ਅਤੇ ਇੱਕ ਯੂਨੀਵਰਸਲ ਮਸ਼ੀਨ ਗਨ ਛੱਡ ਕੇ ਭੱਜਣ ਲੱਗੇ। ਰਾਈਫਲਮੈਨ ਸੰਜੈ ਕੁਮਾਰ ਨੇ ਉਹ ਯੂਨੀਵਰਸ ਮਸ਼ੀਨ ਗਨ ਚੁੱਕੀ ਅਤੇ ਭੱਜਦੇ ਹੋਏ ਸੈਨਿਕਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ, ਜਿਸ ਨਾਲ ਕਈ ਹੋਰ ਦੁਸ਼ਮਣ ਸੈਨਿਕ ਮਾਰੇ ਗਏ। ਬਹੁਤ ਜ਼ਿਆਦਾ ਲਹੂ ਵਹਿਣ ਦੇ ਬਾਵਜੂਦ, ਉਨ੍ਹਾਂ ਨੇ ਉੱਥੋਂ ਹਟਣ ਤੋਂ ਮਨ੍ਹਾ ਕਰ ਦਿੱਤਾ। ਉਨ੍ਹਾਂ ਦੀ ਇਸ ਦਲੇਰਾਨਾ ਕਾਰਵਾਈ ਤੋਂ ਉਨ੍ਹਾਂ ਦੇ ਸਾਥੀਆਂ ਨੂੰ ਪ੍ਰੇਰਣਾ ਮਿਲੀ ਅਤੇ ਉਨ੍ਹਾਂ ਨੇ ਦੁਸ਼ਮਣਾਂ 'ਤੇ ਹਮਲਾ ਬੋਲ ਕੇ ਆਖਰਕਾਰ ਫਲੈਟ ਟੌਪ ਖੇਤਰ 'ਤੇ ਕਬਜ਼ਾ ਕਰ ਲਿਆ।

ਉੱਚ ਕੋਟਿ ਦੀ ਬਹਾਦਰੀ ਅਤੇ ਅਦੁੱਤੀ ਸਾਹਸ ਦਾ ਪ੍ਰਦਰਸ਼ਨ ਕਰਨ ਦੇ ਲਈ ਰਾਈਫਲਮੈਨ ਸੰਜੈ ਕੁਮਾਰ ਨੂੰ ਲੜਾਈ ਤੋਂ ਬਾਅਦ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਨਾਇਬ ਸੂਬੇਦਾਰ ਸੰਜੈ ਕੁਮਾਰ ਨੂੰ 2 ਜੁਲਾਈ 2014 ਨੂੰ ਭਾਰਤੀ ਸੈਨਾ ਵਿੱਚ ਜੂਨੀਅਰ ਕਮਿਸ਼ਨਡ ਅਫਸਰ ਬਣਾਇਆ ਗਿਆ। ਇੰਨਾ ਹੀ ਨਹੀਂ, ਨੈਸ਼ਨਲ ਡਿਫੈਂਸ ਅਕੈਡਮੀ ਦੇ ਇੰਸਟ੍ਰਕਟਰ ਸੰਜੈ ਕੁਮਾਰ ਨੂੰ ਸੈਨਾ ਦੇ ਪ੍ਰਤੀ ਸਮਰਪਣ ਅਤੇ ਨਿਸ਼ਠਾ ਲਈ ਫਰਵਰੀ 2022 ਵਿੱਚ ਸੂਬੇਦਾਰ ਮੇਜਰ ਦੇ ਅਹੁਦੇ 'ਤੇ ਪ੍ਰਮੋਟ ਕੀਤਾ ਗਿਆ। ਹਾਲਾਂਕਿ ਵਰ੍ਹੇ 2026 ਵਿੱਚ ਭਾਰਤੀ ਸੈਨਾ ਦੇ ਗਣਤੰਤਰ ਦਿਵਸ 'ਤੇ ਉਨ੍ਹਾਂ ਨੂੰ ਆਨਰੇਰੀ ਕੈਪਟਨ ਦੇ ਅਹੁਦੇ ਨਾਲ ਨਵਾਜਿਆ ਗਿਆ। ■

ਸੇਵਾ ਅਤੇ ਕਰਤਵਯ ਦਾ 'ਨਵ ਤੀਰਥ'

ਨਵੀਂ ਪ੍ਰਸ਼ਾਸਨਿਕ ਸੱਭਿਆਚਾਰ ਅਤੇ ਸੁਸ਼ਾਸਨ ਦੀ ਦਿਸ਼ਾ ਵਿੱਚ ਭਾਰਤ ਸਰਕਾਰ ਦੁਆਰਾ ਵਿਕਸਿਤ ਸੇਵਾ ਤੀਰਥ ਅਤੇ ਕਰਤਵਯ ਭਵਨ ਸਿਰਫ਼ ਭਵਨ ਨਹੀਂ, ਸਗੋਂ ਸੱਭਿਆਚਾਰ ਮਾਮਲੇ ਵਿੱਚ ਆਈ ਤਬਦੀਲੀ ਦੇ ਪ੍ਰਤੀਕ ਹਨ। ਇਹ ਤਬਦੀਲੀ ਸਿਰਫ਼ ਸੰਰਚਨਾ ਦੀ ਨਹੀਂ ਸਗੋਂ ਸੋਚ ਅਤੇ ਕਾਰਜਸ਼ੈਲੀ ਵਿੱਚ ਆਈ ਤਬਦੀਲੀ ਦੀ ਵੀ ਹੈ। ਜਿੱਥੇ ਭਾਵਨਾ ਸ਼ਾਸਨ ਦੀ ਨਹੀਂ, ਸੇਵਾ ਦੀ ਹੈ। ਵਿਜੈ ਏਕਾਦਸ਼ੀ ਦੇ ਪਵਿੱਤਰ ਮੌਕੇ 'ਤੇ 13 ਫਰਵਰੀ ਨੂੰ ਪ੍ਰਧਾਨ ਮੰਤਰੀ ਦਫ਼ਤਰ ਦਾ ਨਵਾਂ ਪਤਾ ਬਣਿਆ –ਸੇਵਾ ਤੀਰਥ। ਇਸੇ ਮੌਕੇ 'ਤੇ ਕੌਮਨ ਸੈਂਟਰਲ ਸੱਕਤਰੇਤ ਦੇ ਰੂਪ ਵਿੱਚ ਕਰਤਵਯ ਭਵਨ -1 ਅਤੇ 2 ਦਾ ਵੀ ਹੋਇਆ ਉਦਘਾਟਨ, ਜੋ ਬਣ ਗਿਆ ਹੈ ਵਿਕਸਿਤ ਭਾਰਤ ਦੇ ਸੰਕਲਪ ਦੀ ਯਾਤਰਾ ਦੀ ਨਵੀਂ ਸ਼ੁਰੂਆਤ ਦਾ ਗਵਾਹ ...

ਨਵਾਂ ਭਾਰਤ ਇੱਕ ਨਵੇਂ ਯੁੱਗ ਦੇ ਰਾਹ ਵੱਲ ਵਧ ਰਿਹਾ ਹੈ। ਵਿਕ੍ਰਮੀ ਸੰਵਤ 2082, ਫਾਲਗੁਨ ਕ੍ਰਿਸ਼ਨ ਪਕਸ਼ ਦੀ ਵਿਜੈ ਏਕਾਦਸ਼ੀ, 24 ਮਾਘ, ਸਾਕਾ ਸੰਮਤ 1947 ਜੋ ਵਰਤਮਾਨ ਕੈਲੰਡਰ ਦੇ ਅਨੁਸਾਰ 13 ਫਰਵਰੀ, 2026 ਹੈ, ਇਹ ਮਿਤੀ ਭਾਰਤ ਦੀ ਵਿਕਾਸ ਯਾਤਰਾ ਵਿੱਚ ਇੱਕ ਨਵੀਂ ਸ਼ੁਰੂਆਤ ਦੀ ਗਵਾਹ ਬਣੀ। ਅਸਲ ਵਿੱਚ, ਵਿਕਸਿਤ ਭਾਰਤ ਦੇ ਸੰਕਲਪ ਦੇ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸੇ ਦਿਨ ਸੇਵਾ ਤੀਰਥ ਅਤੇ ਕਰਤਵਯ ਭਵਨ ਦਾ ਉਦਘਾਟਨ ਕੀਤਾ। ਬਸਤੀਵਾਦੀ ਸ਼ਾਸਨ ਦੀਆਂ ਜ਼ਰੂਰਤਾਂ ਅਤੇ ਮਾਨਸਿਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਨੌਰਥ ਬਲੌਕ ਅਤੇ ਸਾਊਥ ਬਲੌਕ ਦਾ ਨਿਰਮਾਣ ਹੋਇਆ ਸੀ। ਉਸ ਸਮੇਂ ਦੇ ਤਤਕਾਲੀ ਵਾਇਸਰਾਏ ਨੇ ਕਿਹਾ ਸੀ ਕਿ ਇਹ ਸੰਰਚਨਾਵਾਂ ਬ੍ਰਿਟਿਸ਼ ਸਮਰਾਟ ਦੀਆਂ ਇੱਛਾਵਾਂ ਦੇ ਅਨੁਸਾਰ ਬਣਾਈਆਂ ਗਈਆਂ ਹਨ। ਰਾਏਸਿਨਾ ਹਿਲਜ਼ ਦੀ ਚੋਣ ਇਸ ਲਈ ਕੀਤੀ ਗਈ ਸੀ ਤਾਂ ਜੋ ਇਹ ਇਮਾਰਤਾਂ ਹੋਰਨਾਂ ਸਾਰੀਆਂ ਤੋਂ ਉਪਰ ਰਹਿਣ ਅਤੇ ਕੋਈ ਇਨ੍ਹਾਂ ਦੇ ਬਰਾਬਰ ਖੜ੍ਹਾ ਨਾ ਹੋ ਸਕੇ। ਰਾਏਸਿਨਾ ਹਿਲਜ਼ ਦੀ ਤੁਲਨਾ ਵਿੱਚ ਸੇਵਾ ਤੀਰਥ ਕੈਂਪਸ ਸਿੱਧੇ ਧਰਾਤਲ ਨਾਲ ਜੁੜਿਆ ਹੋਇਆ ਹੈ। ਜਿੱਥੇ ਸਾਊਥ ਅਤੇ ਨੌਰਥ ਬਲੌਕ ਦਾ ਨਿਰਮਾਣ ਬਸਤੀਵਾਦੀ ਮਾਨਸਿਕਤਾ ਨੂੰ ਲਾਗੂ ਕਰਨ ਲਈ ਕੀਤਾ ਗਿਆ ਸੀ ਉੱਥੇ ਹੀ ਅੱਜ ਸੇਵਾ ਤੀਰਥ ਅਤੇ ਕਰਤਵਯ ਭਵਨ ਭਾਰਤ ਦੇ ਲੋਕਾਂ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਬਣਾਏ ਗਏ ਹਨ। ਇਨ੍ਹਾਂ ਇਮਾਰਤਾਂ ਤੋਂ ਲਏ ਜਾਣ ਵਾਲੇ ਫੈਸਲੇ 140 ਕਰੋੜ ਨਾਗਰਿਕਾਂ ਦੀਆਂ ਉਮੀਦਾਂ ਨੂੰ ਅੱਗੇ ਵਧਾਉਣ ਦੀ ਨੀਂਹ ਬਣਨਗੇ।

ਸੇਵਾ ਤੀਰਥ ਅਤੇ ਕਰਤਵਯ ਭਵਨ ਦੇ ਉਦਘਾਟਨ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ 21ਵੀਂ ਸਦੀ ਦੀ ਪਹਿਲੀ ਤਿਮਾਹੀ ਹੁਣ ਪੂਰੀ ਹੋ ਚੁੱਕੀ ਹੈ। ਇਹ ਲਾਜ਼ਮੀ ਹੈ ਕਿ ਵਿਕਸਿਤ ਭਾਰਤ ਦਾ ਵਿਜ਼ਨ ਨਾ ਸਿਰਫ਼ ਨੀਤੀਆਂ ਅਤੇ ਯੋਜਨਾਵਾਂ ਵਿੱਚ, ਸਗੋਂ ਕਾਰਜਸਥਲਾਂ ਅਤੇ ਭਵਨਾਂ ਵਿੱਚ ਵੀ ਪ੍ਰਤੀਬਿੰਬਤ ਹੋਵੇ। ਜਿਨ੍ਹਾਂ ਸਥਾਨਾਂ ਤੋਂ ਦੇਸ਼ ਦਾ ਸ਼ਾਸਨ ਚਲਾਇਆ ਜਾਂਦਾ ਹੈ

> ਸੇਵਾ ਤੀਰਥ ਅਤੇ ਕਰਤਵਯ ਭਵਨ ... ਭਾਰਤ ਦੀ ਜਨਤਾ ਦੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਦੇ ਲਈ ਬਣੇ ਹਨ। ਇੱਥੇ ਜੋ ਫੈਸਲੇ ਹੋਣਗੇ, ਉਹ ਕਿਸੇ ਮਹਾਰਾਜ ਦੀ ਸੋਚ ਨੂੰ ਨਹੀਂ, 140 ਕਰੋੜ ਦੇਸ਼ਵਾਸੀਆਂ ਦੀਆਂ ਉਮੀਦਾਂ ਨੂੰ ਅੱਗੇ ਵਧਾਉਣ ਦਾ ਅਧਾਰ ਬਣਨਗੇ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸੇਵਾ ਤੀਰਥ : ਇੱਥੇ ਹੁਣ ਪ੍ਰਧਾਨ ਮੰਤਰੀ ਦਫ਼ਤਰ, ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਸਕੱਤਰੇਤ ਅਤੇ ਕੈਬਨਿਟ ਸਕੱਤਰੇਤ ਸਥਿਤ ਹਨ। ਪਹਿਲਾਂ ਇਹ ਸਾਰੇ ਵੱਖ- ਵੱਖ ਥਾਵਾਂ ਤੋਂ ਸੰਚਾਲਿਤ ਹੁੰਦੇ ਸਨ।

ਕਰਤਵਯ ਭਵਨ -1 ਅਤੇ 2 : ਇਨ੍ਹਾਂ ਵਿੱਚ ਵਿੱਤ, ਰੱਖਿਆ, ਸਿਹਤ ਅਤੇ ਪਰਿਵਾਰ ਭਲਾਈ, ਕਾਰਪੋਰੇਟ ਮਾਮਲੇ, ਸਿੱਖਿਆ, ਸੱਭਿਆਚਾਰ, ਕਾਨੂੰਨ ਅਤੇ ਨਿਆਂ, ਸੂਚਨਾ ਅਤੇ ਪ੍ਰਸਾਰਣ, ਖੇਤੀਬਾੜੀ ਅਤੇ ਖੇਤੀਬਾੜੀ ਭਲਾਈ, ਰਸਾਇਣ ਅਤੇ ਖਾਦਾਂ ਅਤੇ ਕਬਾਇਲੀ ਮਾਮਲੇ ਮੰਤਰਾਲੇ ਸ਼ਾਮਲ ਹਨ।

ਇਨ੍ਹਾਂ ਭਵਨਾਂ ਵਿੱਚ ਹਨ ਆਧੁਨਿਕ ਸੁਵਿਧਾਵਾਂ

ਦੋਵਾਂ ਭਵਨ ਕੈਂਪਸ ਵਿੱਚ ਡਿਜੀਟਲ ਤੌਰ 'ਤੇ ਏਕੀਕ੍ਰਿਤ ਦਫ਼ਤਰ , ਸੁਚਾਰੂ ਪਬਲਿਕ ਇੰਟਰਫੇਸ ਜ਼ੋਨ ਅਤੇ ਸੈਂਟਰਲਾਈਜ਼ਡ ਰਿਸੈਪਸ਼ਨ ਸੁਵਿਧਾਵਾਂ ਉਪਲਬਧ ਹਨ। ਇਨ੍ਹਾਂ ਕੈਂਪਸ ਵਿੱਚ ਅਖੁੱਟ ਊਰਜਾ ਸਿਸਟਮ, ਪਾਣੀ ਦੀ ਸੰਭਾਲ ਦੇ ਉਪਾਅ ਅਤੇ ਵੇਸਟ ਮੈਨੇਜਮੈਂਟ ਹੱਲ ਦੀ ਵਿਵਸਥਾ ਹੈ। ਇਨ੍ਹਾਂ ਭਵਨ ਕੈਂਪਸ ਵਿੱਚ ਇੱਕ ਵਿਆਪਕ ਸੁਰੱਖਿਆ ਢਾਂਚਾ ਵੀ ਸ਼ਾਮਲ ਹੈ, ਜਿਵੇਂ ਸਮਾਰਟ ਐਕਸੈੱਸ ਕੰਟਰੋਲ ਸਿਸਟਮ, ਨਿਗਰਾਨੀ ਨੈੱਟਵਰਕ ਅਤੇ ਐਡਵਾਂਸਡ ਐਮਰਜੈਂਸੀ ਰਿਸਪੌਂਸ ਇਨਫ੍ਰਾਸਟ੍ਰਕਚਰ।

ਕਰਤੱਵ ਦੀ ਬੁਨਿਆਦ 'ਤੇ ਹੋਵੇਗਾ ਵਿਕਸਿਤ ਭਾਰਤ ਦਾ ਨਿਰਮਾਣ

ਕੋਟਿ-ਕੋਟਿ ਦੇਸ਼ਵਾਸੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਅਧਾਰ ਹੈ –ਕਰਤਵਯ!
ਕਰਤਵਯ ਸ਼ੁਰੂ ਹੈ, ਕਰਤਵਯ ਇਸ ਜੀਵੰਤ ਰਾਸ਼ਟਰ ਦੀ ਪ੍ਰਾਣ ਵਾਯੂ ਹੈ!
ਦਿਆਲਤਾ ਅਤੇ ਕਰਮਠਤਾ ਦੇ ਸਨੇਹ- ਸੂਤਰ ਵਿੱਚ ਬੰਨ੍ਹਿਆ ਕਰਮ ਹੈ -ਕਰਤਵਯ!
ਸੰਕਲਪਾਂ ਦੀ ਆਸ ਹੈ- ਕਰਤਵਯ!
ਮਿਹਨਤ ਦੀ ਪ੍ਰਕਾਸ਼ਠਾ ਹੈ –ਕਰਤਵਯ!
ਹਰ ਸਮੱਸਿਆ ਦਾ ਹੱਲ ਹੈ –ਕਰਤਵਯ, ਵਿਕਸਿਤ ਭਾਰਤ ਦਾ ਵਿਸ਼ਵਾਸ ਹੈ -ਕਰਤਵਯ!
ਕਰਤਵਯ ਸਮਤਾ ਹੈ, ਕਰਤਵਯ ਮਮਤਾ ਹੈ, ਕਰਤਵਯ ਵਿਸ਼ਵਵਿਆਪੀ ਹੈ, ਕਰਤਵਯ ਸਰਬਸਪਰਸ਼ੀ ਹੈ।
ਸਬਕਾ ਸਾਥ- ਸਬਕਾ ਵਿਕਾਸ ਦੀ ਭਾਵਨਾ ਵਿੱਚ ਪਿਰੋਇਆ ਮੰਤਰ ਹੈ ਕਰਤਵਯ!
ਰਾਸ਼ਟਰ ਦੇ ਪ੍ਰਤੀ ਸਮਰਪਣ ਦਾ ਭਾਵ ਹੈ –ਕਰਤਵਯ!
ਹਰ ਜੀਵਨ ਵਿੱਚ ਜਯੋਤੀ ਜਗਾ ਦੇਵੇ, ਉਹ ਇੱਛਾਸ਼ਕਤੀ ਹੈ –ਕਰਤਵਯ!
ਆਤਮ-ਨਿਰਭਰ ਭਾਰਤ ਦੀ ਖੁਸ਼ੀ ਹੈ –ਕਰਤਵਯ!
ਭਵਿੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਉੱਜਵਲ ਭਵਿੱਖ ਦੀ ਗਰੰਟੀ ਹੈ –ਕਰਤਵਯ!
ਮਾਂ ਭਾਰਤੀ ਦੀ ਪ੍ਰਾਣ-ਊਰਜਾ ਦਾ ਧਵਜ ਵਾਹਕ ਹੈ –ਕਰਤਵਯ!
ਰਾਸ਼ਟਰ ਦੇ ਪ੍ਰਤੀ ਭਗਤੀ- ਭਾਵ ਨਾਲ ਕੀਤਾ ਹਰ ਕੰਮ ਹੈ –ਕਰਤਵਯ!
'ਨਾਗਰਿਕ ਦੇਵੋ ਭਵ:' ਦੀ ਸਾਧਨਾ ਦਾ ਜਾਗ੍ਰਿਤ ਰਾਹ ਹੈ - ਕਰਤਵਯ!

ਉਹ ਪ੍ਰਭਾਵਸ਼ਾਲੀ, ਪ੍ਰੇਰਣਾਦਾਇਕ ਅਤੇ ਪ੍ਰੇਰਕ ਹੋਣੇ ਚਾਹੀਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਊਥ ਬਲੌਕ ਅਤੇ ਨੌਰਥ ਬਲੌਕ ਵਿੱਚ ਜਗ੍ਹਾ ਦੀ ਕਮੀ ਸੀ ਅਤੇ ਸੁਵਿਧਾਵਾਂ ਸੀਮਤ ਸਨ, ਲਗਭਗ ਸੌ ਵਰ੍ਹੇ ਪੁਰਾਣੇ ਹੋਣ ਦੇ ਕਾਰਨ ਭਵਨ ਅੰਦਰੋਂ ਖਸਤਾ ਹਾਲਤ ਹੋ ਰਹੇ ਸਨ। ਆਜ਼ਾਦੀ ਦੇ ਦਹਾਕਿਆਂ ਬਾਅਦ ਵੀ, ਭਾਰਤ ਸਰਕਾਰ ਦੇ ਕਈ ਮੰਤਰਾਲੇ ਦਿੱਲੀ ਵਿੱਚ 50 ਤੋਂ ਵੱਧ ਵੱਖ-ਵੱਖ ਥਾਵਾਂ ਤੋਂ ਕੰਮ ਕਰ ਰਹੇ ਸਨ।

ਹਰ ਵਰ੍ਹੇ ਇਨ੍ਹਾਂ ਮੰਤਰਾਲਿਆਂ ਦੇ ਭਵਨਾਂ ਦੇ ਕਿਰਾਏ 'ਤੇ 1,500 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਸਨ, ਜਦਕਿ ਦਫ਼ਤਰਾਂ ਦੇ ਦਰਮਿਆਨ ਆਵਾਜਾਈ ਕਰਨ ਵਾਲੇ 8,000 ਤੋਂ 10,000 ਕਰਮਚਾਰੀਆਂ ਦੇ ਲਈ ਰੋਜ਼ਾਨਾ ਦੀ ਲੌਜਿਸਟਿਕਸ ਲਾਗਤ ਵੀ ਖਰਚ ਕਰਨੀ ਪੈਂਦੀ ਸੀ। ਸੇਵਾ ਤੀਰਥ ਅਤੇ ਕਰਤਵਯ ਭਵਨ ਦੇ ਨਿਰਮਾਣ ਨਾਲ ਇਨ੍ਹਾਂ ਖਰਚਿਆਂ ਵਿੱਚ ਕਮੀ ਆਵੇਗੀ ਅਤੇ ਕਰਮਚਾਰੀਆਂ ਦੇ ਸਮੇਂ ਦੀ ਬੱਚਤ ਹੋਵੇਗੀ।



ਨਵੇਂ ਪ੍ਰਧਾਨ ਮੰਤਰੀ ਦਫ਼ਤਰ ਦਾ ਨਾਮ ਹੈ – ਸੇਵਾ ਤੀਰਥ

ਸੇਵਾ ਦੀ ਭਾਵਨਾ ਹੀ ਭਾਰਤ ਦੀ ਆਤਮਾ ਹੈ, ਸੇਵਾ ਦੀ ਭਾਵਨਾ ਹੀ ਭਾਰਤ ਦੀ ਪਛਾਣ ਹੈ।
ਸ਼ਾਸਨ ਦਾ ਅਰਥ ਸੇਵਾ ਹੈ, ਜ਼ਿੰਮੇਵਾਰੀ ਦਾ ਅਰਥ ਸਮਰਪਣ ਹੈ।
ਸੇਵਾ ਤੀਰਥ, ਇਹ ਸਿਰਫ਼ ਇੱਕ ਨਾਮ ਨਹੀਂ, ਸਗੋਂ ਇਹ ਇੱਕ ਸੰਕਲਪ ਹੈ।
ਸੇਵਾ ਤੀਰਥ ਯਾਨੀ –ਨਾਗਰਿਕ ਦੀ ਸੇਵਾ ਨਾਲ ਪਵਿੱਤਰ ਹੋਇਆ ਸਥਾਨ!
ਸੇਵਾ ਦੇ ਸੰਕਲਪ ਨੂੰ ਸਿੱਧੀ ਤੱਕ ਲੈ ਜਾਣ ਦਾ ਸਥਾਨ !
ਅੱਜ ਭਾਰਤ ਦੇ ਸਾਹਮਣੇ ਵੀ ਵਿਕਸਿਤ ਭਾਰਤ ਦਾ ਟੀਚਾ ਹੈ, ਆਤਮ ਨਿਰਭਰ ਭਾਰਤ ਦਾ ਟੀਚਾ ਹੈ।
ਅਸੀਂ ਕਰੋੜਾਂ ਦੇਸ਼ਵਾਸੀਆਂ ਨੂੰ ਗ਼ਰੀਬੀ ਤੋਂ ਮੁਕਤੀ ਦਿਵਾਉਣੀ ਹੈ, ਅਸੀਂ ਦੇਸ਼ ਨੂੰ ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਦਿਵਾਉਣੀ ਹੈ ਅਤੇ ਇਹ ਕੰਮ ਸੇਵਾ ਦੀ ਸਮਰੱਥਾ ਨਾਲ ਹੀ ਸਿੱਧ ਹੋਵੇਗਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਪ੍ਰਧਾਨ ਮੰਤਰੀ ਮੋਦੀ ਨੇ ਪੁਰਾਣੇ ਭਵਨ ਨੂੰ ਰਾਸ਼ਟਰ ਦੇ ਲਈ ਇੱਕ ਮਿਊਜ਼ੀਅਮ ਦੇ ਰੂਪ ਵਿੱਚ ਸਮਰਪਿਤ ਕਰਨ ਦੇ ਫੈਸਲੇ ਦਾ ਐਲਾਨ ਕੀਤਾ, ਜਿਸ ਨਾਲ ਇਸ ਨੂੰ ਯੁਗੇ ਯੁਗੀਨ ਭਾਰਤ ਮਿਊਜ਼ੀਅਮ ਦਾ ਹਿੱਸਾ ਬਣਾਇਆ ਜਾਵੇਗਾ। ਇਹ ਭਵਨ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਪ੍ਰੇਰਣਾ ਦਾ ਕੇਂਦਰ ਬਣੇਗਾ। ਵਰ੍ਹੇ 2014 ਵਿੱਚ ਦੇਸ਼ ਨੇ ਇਹ ਸੰਕਲਪ ਲਿਆ ਕਿ ਹੁਣ ਬਸਤੀਵਾਦੀ ਮਾਨਸਿਕਤਾ ਨਹੀਂ ਚਲੇਗੀ। ਇਸ ਸੋਚ ਨੂੰ ਬਦਲਣ ਦੇ ਲਈ ਇੱਕ ਅਭਿਆਨ ਸ਼ੁਰੂ ਕੀਤਾ ਗਿਆ, ਜਿਸ ਦੇ ਸਿੱਟੇ ਵਜੋਂ ਸ਼ਹੀਦਾਂ ਦੇ ਸਨਮਾਨ ਵਿੱਚ ਰਾਸ਼ਟਰੀ ਸਮਰ ਸਮਾਰਕ ਅਤੇ ਪੁਲਿਸ ਦੀ ਬਹਾਦਰੀ ਨੂੰ ਮਾਨਤਾ ਦੇਣ ਦੇ ਲਈ ਪੁਲਿਸ ਸਮਾਰਕ ਦਾ ਨਿਰਮਾਣ ਹੋਇਆ। ਰੇਸ ਕੋਰਸ ਰੋਡ ਦਾ ਨਾਮ ਬਦਲ ਕੇ ਲੋਕ ਕਲਿਆਣ ਮਾਰਗ ਕੀਤਾ ਗਿਆ।

ਪ੍ਰਧਾਨ ਮੰਤਰੀ ਮੋਦੀ ਨੇ ਸਪਸ਼ਟ ਕੀਤਾ ਕਿ ਸੇਵਾ ਤੀਰਥ ਸਿਰਫ਼ ਇੱਕ ਨਾਮ ਨਹੀਂ ਸਗੋਂ ਇੱਕ ਸੰਕਲਪ ਹੈ- ਨਾਗਰਿਕਾਂ ਦੀ ਸੇਵਾ ਰਾਹੀਂ ਇੱਕ ਪਵਿੱਤਰ ਸਥਾਨ ਅਤੇ ਸੇਵਾ ਦੇ ਪ੍ਰਣ ਨੂੰ ਸਿੱਧੀ ਤੱਕ ਲੈ ਜਾਣ ਦਾ ਇੱਕ ਕੇਂਦਰ। ਤੀਰਥ ਸ਼ਬਦ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਤੀਰਥ ਉਹ ਹੈ ਜਿਸ ਵਿੱਚ ਤਾਰਨ ਅਤੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਹੋਵੇ। ਪਿਛਲੇ ਗਿਆਰ੍ਹਾਂ ਵਰ੍ਹਿਆਂ ਵਿੱਚ ਗਵਰਨੈਂਸ ਦਾ ਇੱਕ ਨਵਾਂ ਮਾਡਲ ਉੱਭਰ ਕੇ ਸਾਹਮਣੇ ਆਇਆ ਹੈ, ਜਿੱਥੇ ਫੈਸਲੇ ਦੀ ਪ੍ਰਕਿਰਿਆ ਦੇ ਕੇਂਦਰ ਵਿੱਚ ਨਾਗਰਿਕ ਹਨ। "ਨਾਗਰਿਕ ਦੇਵੋ ਭਵ:" ਸਿਰਫ਼ ਇੱਕ ਵਾਕ ਅੰਸ਼ ਨਹੀਂ ਹੈ, ਸਗੋਂ ਇਹ ਸਾਡਾ ਕਾਰਜ ਸੱਭਿਆਚਾਰ ਹੈ, ਜਿਸ ਨੂੰ ਨਵੇਂ ਭਵਨਾਂ ਵਿੱਚ ਦਾਖਲ ਕਰਦੇ ਸਮੇਂ ਸਾਰੇ ਅਧਿਕਾਰੀਆਂ ਨੂੰ ਆਤਮਸਾਤ ਕਰਨਾ ਚਾਹੀਦਾ ਹੈ।

ਕਰੋੜਾਂ ਨਾਗਰਿਕਾਂ ਦੇ ਜੀਵਨ ਨੂੰ ਬਣਾਏਗਾ ਅਸਾਨ

ਸੇਵਾ ਤੀਰਥ ਵਿੱਚ ਲਿਆ ਜਾਣ ਵਾਲਾ ਹਰ ਫੈਸਲਾ, ਅੱਗੇ ਵਧਣ ਵਾਲੀ ਹਰ ਫਾਈਲ ਅਤੇ ਇੱਥੇ ਬਿਤਾਇਆ ਗਿਆ ਹਰ ਪਲ 140 ਕਰੋੜ ਨਾਗਰਿਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੇ ਲਈ ਸਮਰਪਿਤ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਹਰੇਕ ਅਧਿਕਾਰੀ, ਕਰਮਚਾਰੀ ਅਤੇ ਕਰਮਯੋਗੀ ਨੂੰ ਤਾਕੀਦ ਕੀਤੀ ਕਿ ਜਦੋਂ ਵੀ ਉਹ ਇਸ ਭਵਨ ਵਿੱਚ ਪੈਰ ਰੱਖਣ, ਤਾਂ ਇੱਕ ਪਲ ਦੇ ਲਈ ਰੁਕਣ ਅਤੇ ਖੁਦ ਤੋਂ ਪੁੱਛਣ- ਕੀ ਅੱਜ ਦਾ ਉਨ੍ਹਾਂ ਦਾ ਕੰਮ ਕਰੋੜਾਂ ਨਾਗਰਿਕਾਂ ਦੇ ਜੀਵਨ ਨੂੰ ਸੁਖਾਲਾ ਬਣਾਏਗਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹੀ ਆਤਮ-ਚਿੰਤਨ ਇਸ ਸਥਾਨ ਦੀ ਸਭ ਤੋਂ ਵੱਡੀ ਸ਼ਕਤੀ ਬਣੇਗਾ।

ਨਵੇਂ ਭਵਨ ਤੈਅ ਕਰਨਗੇ ਵਿਕਸਿਤ ਭਾਰਤ - 2047 ਦੀ ਦਿਸ਼ਾ

ਸੇਵਾ ਤੀਰਥ ਅਤੇ ਕਰਤਵਯ ਭਵਨ, ਵਿੱਚ ਲਿਆ ਗਿਆ ਹਰ ਫੈਸਲਾ ਸਿਰਫ਼ ਇੱਕ ਫਾਈਲ ਦੀ ਮਨਜ਼ੂਰੀ ਨਹੀਂ ਹੋਵੇਗਾ, ਸਗੋਂ ਉਹ ਵਿਕਸਿਤ ਭਾਰਤ 2047 ਦੀ ਦਿਸ਼ਾ ਨਿਰਧਾਰਿਤ ਕਰੇਗਾ। ਹਰ ਸੰਸਥਾਨ, ਹਰ ਅਧਿਕਾਰੀ, ਹਰ ਕਰਮਚਾਰੀ ਅਤੇ ਹਰ ਕਰਮਯੋਗੀ ਦੀ ਭੂਮਿਕਾ ਅਤਿਅੰਤ ਮਹੱਤਵਪੂਰਨ ਹੈ। ਪ੍ਰਧਾਨ ਮੰਤਰੀ ਮੋਦੀ ਨੇ ਆਪਣਾ ਵਿਜ਼ਨ ਸਾਂਝਾ ਕਰਦੇ ਹੋਏ ਕਿਹਾ ਕਿ ਸੇਵਾ ਤੀਰਥ ਨੂੰ ਸੈਂਸਿਟਿਵ ਗਵਰਨੈਂਸ ਦਾ ਸਿੰਬਲ ਅਤੇ ਨਾਗਰਿਕ ਕੇਂਦ੍ਰਿਤ ਪ੍ਰਸ਼ਾਸਨ ਦਾ ਰੋਲ ਮਾਡਲ ਬਣਾਉਣਾ ਚਾਹੀਦਾ ਹੈ। ■

ਅਧਿਕਾਰਤ ਵੰਦੇ ਮਾਤਰਮ ਅਤੇ ਵਿਸਤ੍ਰਿਤ ਪ੍ਰੋਟੋਕੌਲ

ਰਾਸ਼ਟਰੀ ਗੀਤ ਦੇ ਸਾਰੇ ਛੇ ਅੰਤਰੇ ਗਾਓ ...
ਮਿਆਦ - 3 ਮਿੰਟ 10 ਸੈਕਿੰਡ

ਦੇਸ਼ ਰਾਸ਼ਟਰ ਗੀਤ ਵੰਦੇ ਮਾਤਰਮ ਦੇ 150 ਵਰ੍ਹੇ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੈ। ਇਸੇ ਉਤਸਵ ਦੀ ਕੜੀ ਵਿੱਚ ਕੇਂਦਰ ਸਰਕਾਰ ਨੇ ਹੁਣ ਰਾਸ਼ਟਰੀ ਗੀਤ ਦੇ ਪ੍ਰਤੀ ਸਨਮਾਨ ਅਤੇ ਉਚਿਤ ਸ਼ਿਸ਼ਟਾਚਾਰ ਦੀ ਪਾਲਣਾ ਕਰਨ ਨੂੰ ਲੈ ਕੇ ਇੱਕ ਹੁਕਮ ਜਾਰੀ ਕੀਤਾ ਹੈ ਜਿਸ ਵਿੱਚ ਸ਼ਾਮਲ ਹੈ ਸਧਾਰਣ ਜਾਣਕਾਰੀ ਅਤੇ ਮਾਰਗਦਰਸ਼ਨ ਦੇ ਲਈ ਨਿਰਦੇਸ਼। ਜਦੋਂ ਵੀ ਰਾਸ਼ਟਰੀ ਗੀਤ ਅਤੇ ਰਾਸ਼ਟਰੀ ਗਾਇਨ ਦੋਵੇਂ ਗਾਏ ਜਾਂ ਬਜਾਏ ਜਾਣ ਤਾਂ ਰਾਸ਼ਟਰੀ ਗੀਤ ਪਹਿਲਾਂ ਗਾਓ। ਰਾਸ਼ਟਰਪਤੀ ਦੇ ਆਉਣ 'ਤੇ, ਰਾਸ਼ਟਰੀ ਝੰਡਾ ਲਹਿਰਾਉਣ ਅਤੇ ਰਾਜਪਾਲਾਂ ਦੇ ਸੰਬੋਧਨ ਵਰਗੇ ਮੁੱਖ ਸਰਕਾਰੀ ਮੌਕਿਆਂ 'ਤੇ ਅਧਿਕਾਰਤ ਰਾਸ਼ਟਰੀ ਗੀਤ ਲਾਜ਼ਮੀ ...

ਬੰਕਿਮ ਚੰਦ੍ਰ ਚੈਟਰਜੀ ਦੁਆਰਾ ਰਚਿਤ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਗਾਇਨ ਨੂੰ ਲੈ ਕੇ ਅਧਿਕਾਰਤ ਪ੍ਰੋਟੋਕੌਲ ਸਥਾਪਿਤ ਕਰਨ ਵਾਲੇ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ ਵਿੱਚ ਦੱਸਿਆ ਗਿਆ ਹੈ ਕਿ ਸਰਕਾਰੀ ਸਮਾਰੋਹਾਂ ਵਿੱਚ ਇਸ ਨੂੰ ਕਿਵੇਂ ਅਤੇ ਕਦੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਨਾਗਰਿਕਾਂ ਤੋਂ ਆਚਰਣ ਦੀ ਉਮੀਦ, ਰਾਸ਼ਟਰੀ ਗੀਤ ਗਾਉਣ ਜਾਂ ਬਜਾਉਣ ਦੇ ਢੰਗ ਦੇ ਨਾਲ ਉਸ ਦੀ ਸਮੇਂ ਦੀ - ਮਿਆਦ ਦੀ ਵੀ ਜਾਣਕਾਰੀ ਦਿੱਤੀ ਗਈ।

ਮਿਆਦ : ਰਾਸ਼ਟਰੀ ਗੀਤ ਨੂੰ ਗਾਉਣ ਜਾਂ ਬਜਾਉਣ ਦਾ ਸਮਾਂ ਲਗਭਗ 3 ਮਿੰਟ 10 ਸੈਕਿੰਡ ਹੈ।

ਰਾਸ਼ਟਰੀ ਗੀਤ ਪਹਿਲਾਂ : ਇੱਕ ਜ਼ਰੂਰੀ ਗੱਲ ਇਹ ਹੈ ਕਿ ਜੇਕਰ ਕਿਸੇ ਪ੍ਰੋਗਰਾਮ ਵਿੱਚ ਰਾਸ਼ਟਰੀ ਗੀਤ ਅਤੇ ਰਾਸ਼ਟਰੀ ਗਾਇਨ ਦੋਨੋਂ ਗਾਏ ਜਾਂ ਬਜਾਏ ਜਾਣ ਤਾਂ ਰਾਸ਼ਟਰੀ ਗੀਤ ਪਹਿਲਾਂ ਗਾਇਆ ਜਾਂ ਬਜਾਇਆ ਜਾਵੇਗਾ, ਉਸ ਤੋਂ ਬਾਅਦ "ਰਾਸ਼ਟਰੀ ਗਾਇਨ"।

ਸਿਨੇਮਾ ਹਾਲ ਅਤੇ ਫਿਲਮ ਸਕ੍ਰੀਨਿੰਗ ਦੇ ਲਈ ਕੁਝ ਵਿਸ਼ੇਸ਼ ਛੋਟ

ਜਦੋਂ ਕਦੇ ਰਾਸ਼ਟਰੀ ਗੀਤ ਦਾ ਗਾਇਨ ਜਾਂ ਵਾਦਨ ਹੋਵੇ ਤਾਂ ਸਰੋਤੇ ਸਾਵਧਾਨ ਹੋ ਕੇ ਖੜ੍ਹੇ ਰਹਿਣ। ਪਰ ਸਮਾਚਾਰ ਜਾਂ ਕਿਸੇ ਡੌਕਿਊਮੈਂਟਰੀ ਫਿਲਮ ਦੌਰਾਨ ਰਾਸ਼ਟਰੀ ਗੀਤ ਦੇ ਅੰਸ਼ ਦੇ ਰੂਪ ਵਿੱਚ ਬਜਾਇਆ ਜਾਂਦਾ ਹੈ ਤਾਂ ਦਰਸ਼ਕਾਂ ਦਾ ਖੜ੍ਹੇ ਹੋਣਾ ਲਾਜ਼ਮੀ ਨਹੀਂ ਹੈ। ਦਰਸ਼ਕਾਂ ਦੇ ਖੜ੍ਹੇ ਹੋਣ ਨਾਲ ਰਾਸ਼ਟਰੀ ਗੀਤ ਦੇ ਮਾਣ ਵਿੱਚ ਵਾਧਾ ਹੋਣ ਦੀ ਬਜਾਏ ਫਿਲਮ ਦੇ ਪ੍ਰਦਰਸ਼ਨ ਵਿੱਚ ਰੁਕਾਵਟ ਆਵੇਗੀ। ਅਸ਼ਾਂਤੀ ਜਾਂ ਗੜਬੜ ਪੈਦਾ ਹੁੰਦੀ ਹੈ।

ਦਿਸ਼ਾ ਨਿਰਦੇਸ਼ਾਂ ਵਿੱਚ ਕੀਤੀ ਗਈ ਹੈ ਇਹ ਸਿਫਾਰਸ਼ : ਜਦੋਂ ਵੰਦੇ ਮਾਤਰਮ ਦਾ ਪ੍ਰਦਰਸ਼ਨ ਕਿਸੇ ਬੈਂਡ ਦੁਆਰਾ ਕੀਤਾ ਜਾਂਦਾ ਹੈ ਤਾਂ ਉਸ ਤੋਂ ਪਹਿਲਾਂ ਢੋਲ ਦੀ ਥਾਪ ਜਾਂ ਵਿਗੁਲ ਦੇ ਸੁਰ ਨਾਲ ਰਸਮੀ ਤੌਰ 'ਤੇ ਗਾਇਨ ਦੀ ਸ਼ੁਰੂਆਤ ਦਾ ਸੰਕੇਤ ਦਿੱਤਾ ਜਾਣਾ ਚਾਹੀਦਾ ਹੈ।

ਰਾਸ਼ਟਰੀ ਗੀਤ ਦੇ ਗਾਇਨ ਦੀ (ਗੀਤ ਨੂੰ ਬਜਾਉਣ ਤੋਂ ਵੱਖ) ਮਨਜ਼ੂਰੀ

ਜਿਨ੍ਹਾਂ ਮੌਕਿਆਂ 'ਤੇ ਰਾਸ਼ਟਰੀ ਗੀਤ ਦੇ ਗਾਇਨ ਦੀ (ਗੀਤ ਨੂੰ ਬਜਾਉਣ ਤੋਂ ਵੱਖ) ਮਨਜ਼ੂਰੀ ਦਿੱਤੀ ਜਾ ਸਕਦੀ ਹੈ, ਉਨ੍ਹਾਂ ਦੀ ਸੰਪੂਰਨ ਸੂਚੀ ਦੇਣਾ ਸੰਭਵ ਨਹੀਂ ਹੈ। ਪਰ ਰਾਸ਼ਟਰੀ ਗੀਤ ਨੂੰ ਇਸ ਨੂੰ ਸਮੂਹਿਕ ਰੂਪ ਵਿੱਚ ਗਾਏ ਜਾਣ ਦੇ ਨਾਲ-ਨਾਲ ਮਾਤ੍ਰਭੂਮੀ ਦੀ ਵੰਦਨਾ ਦੇ ਰੂਪ ਵਿੱਚ ਸ਼ਰਧਾਪੂਰਵਕ ਗਾਇਆ ਜਾਵੇ। ਗਾਇਨ ਦੇ ਸਮੇਂ ਉਚਿਤ ਸ਼ਿਸ਼ਟਾਚਾਰ ਦੀ ਪਾਲਣਾ ਕੀਤੀ ਜਾਵੇ।

ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਬੋਲ ਇਸ ਪ੍ਰਕਾਰ ਹਨ ...

वंदे मातरम्।
सुजलाम् सुफलाम् मलयजशीतलाम्,
शस्यश्यामलाम् मातरम्। वंदे मातरम्।

शुभज्योत्स्ना पुलकितयामिनीम्,
फुल्लकुसुमित द्रुमदलशोभिनीम्,
सुहासिनीम् सुमधुरभाषिणीम्,
सुखदाम् वरदाम् मातरम्। वंदे मातरम्।

कोटि-कोटि कण्ठ कल-कल निनाद कराले,
कोटि-कोटि भुजैर्धृत खरकरवाले,
के बॉले मां तुमि अबले,
बहुबलधारिणीं नमामि तारिणीम्,
रिपुदलवारिणीं मातरम्। वंदे मातरम्।

तुमि विद्या तुमि धर्म, तुमि हृदि तुमि मर्म,
त्वम् हि प्राणाः शरीरे, बाहुते तुमि मां शक्ति,
हृदये तुमि मां भक्ति, तोमारेई प्रतिमा गडि मंदिरे-मंदिरे।
वंदे मातरम्।

त्वम् हि दुर्गा दशप्रहरणधारिणी,
कमला कमलदलविहारिणी,
वाणी विद्यादायिनी, नमामि त्वाम्,
नमामि कमलाम् अमलाम् अतुलाम्,
सुजलां सुफलां मातरम्। वन्दे मातरम्।

श्यामलाम् सरलाम् सुस्मिताम् भूषिताम्,
धरणीम् भरणीम् मातरम्। वंदे मातरम्।

ਸਕੂਲਾਂ ਵਿੱਚ ਭਾਈਚਾਰਕ ਤੌਰ 'ਤੇ ਗਾਉਣਾ : ਸਾਰੇ ਸਕੂਲਾਂ ਵਿੱਚ ਦਿਨਾਂ ਦਾ ਕੰਮ ਰਾਸ਼ਟਰੀ ਗੀਤ ਦੇ ਗਾਇਨ ਨਾਲ ਸ਼ੁਰੂ ਹੋਣਾ ਚਾਹੀਦਾ ਹੈ। ਸਕੂਲਾਂ ਦੇ ਪ੍ਰਬੰਧਨ ਨੂੰ ਵਿਦਿਆਰਥੀਆਂ ਵਿੱਚ ਰਾਸ਼ਟਰੀ ਗੀਤ ਅਤੇ ਰਾਸ਼ਟਰੀ ਗਾਇਨ ਨੂੰ ਪ੍ਰਸਿੱਧ ਬਣਾਉਣ ਅਤੇ ਰਾਸ਼ਟਰੀ ਝੰਡੇ ਦੇ ਪ੍ਰਤੀ ਸ਼ਰਧਾ ਵਧਾਉਣ ਦੇ ਲਈ ਆਪਣੇ ਪ੍ਰੋਗਰਾਮ ਵਿੱਚ ਸਮੁੱਚੀ ਵਿਵਸਥਾ ਕਰਨੀ ਚਾਹੀਦੀ ਹੈ।

ਰਾਸ਼ਟਰੀ ਗੀਤ ਦਾ ਵਾਦਨ

ਰਾਸ਼ਟਰੀ ਗੀਤ ਦਾ ਅਧਿਕਾਰਤ ਸੰਸਕਰਣ, ਹੇਠ ਲਿਖੇ ਮੌਕਿਆਂ 'ਤੇ ਬਜਾਇਆ ਜਾਵੇਗਾ

- ਸਿਵਿਲ ਸਨਮਾਨ ਸਮਾਰੋਹਾਂ ਦੇ ਮੌਕੇ 'ਤੇ।
- ਰਸਮੀ ਸਰਕਾਰੀ ਸਮਾਰੋਹਾਂ ਅਤੇ ਸਰਕਾਰ ਦੁਆਰਾ ਆਯੋਜਿਤ ਹੋਰ ਸਮਾਗਮਾਂ ਵਿੱਚ ਰਾਸ਼ਟਰਪਤੀ ਦੇ ਆਉਣ ਸਮੇਂ ਅਤੇ ਅਜਿਹੇ ਸਮਾਗਮਾਂ ਤੋਂ ਉਨ੍ਹਾਂ ਦੇ ਜਾਣ ਸਮੇਂ।
- ਆਕਾਸ਼ਵਾਣੀ ਅਤੇ ਦੂਰਦਰਸ਼ਨ ਤੋਂ ਰਾਸ਼ਟਰ ਦੇ ਨਾਮ ਰਾਸ਼ਟਰਪਤੀ ਦੇ ਸੰਦੇਸ਼ ਪ੍ਰਸਾਰਿਤ ਕੀਤੇ ਜਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ।
- ਰਾਜਪਾਲ/ ਉਪ ਰਾਜਪਾਲ ਦੇ ਆਪਣੇ ਰਾਜ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਰਸਮੀ ਸਰਕਾਰੀ ਸਮਾਗਮਾਂ ਵਿੱਚ ਆਉਣ 'ਤੇ ਅਤੇ ਅਜਿਹੇ ਸਮਾਗਮਾਂ ਤੋਂ ਉਨ੍ਹਾਂ ਦੇ ਜਾਣ ਸਮੇਂ।
- ਜਦੋਂ ਰਾਸ਼ਟਰੀ ਝੰਡੇ ਨੂੰ ਪਰੇਡ ਵਿੱਚ ਲਿਜਾਇਆ ਜਾਵੇ।
- ਕਿਸੇ ਵੀ ਅਜਿਹੇ ਹੋਰ ਮੌਕੇ 'ਤੇ ਰਾਸ਼ਟਰੀ ਗੀਤ ਬਜਾਇਆ ਜਾਵੇਗਾ ਜਿਸ ਦੇ ਲਈ ਭਾਰਤ ਸਰਕਾਰ ਨੇ ਵਿਸ਼ੇਸ਼ ਹੁਕਮ ਜਾਰੀ ਕੀਤੇ ਹੋਣ। ■

ਪ੍ਰਗਤੀ @ 50

ਸਮਾਂਬੱਧ ਵਿਕਾਸ ਦੀ ਅਦਭੁਤ ਯਾਤਰਾ ...

ਭਾਰਤ ਜਦੋਂ 2014 ਵਿੱਚ ਵਿਕਾਸ ਦੀ ਨਵੀਂ ਦਿਸ਼ਾ ਵਿੱਚ ਵਧ ਰਿਹਾ ਸੀ, ਓਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਹ ਮਹਿਸੂਸ ਕੀਤਾ ਕਿ ਵੱਡੇ ਪ੍ਰੋਜੈਕਟਾਂ ਅਤੇ ਯੋਜਨਾਵਾਂ ਦੀ ਸਫ਼ਲਤਾ ਸਿਰਫ਼ ਮਨਜ਼ੂਰੀ ਦੇਣ ਨਾਲ ਨਹੀਂ, ਸਗੋਂ ਸਮੇਂ ਸਿਰ, ਆਪਸੀ ਤਾਲਮੇਲ ਅਤੇ ਜਵਾਬਦੇਹ ਲਾਗੂਕਰਨ ਨਾਲ ਯਕੀਨੀ ਹੁੰਦੀ ਹੈ। ਇਸੇ ਸੋਚ ਨਾਲ ਮਾਰਚ 2015 ਵਿੱਚ ਬਣੇ 'ਪ੍ਰਗਤੀ' ਮੰਚ ਨੇ ਬੀਤੇ ਇੱਕ ਦਹਾਕੇ ਦੀ ਯਾਤਰਾ ਵਿੱਚ 50 ਬੈਠਕਾਂ ਕਰਕੇ 85 ਲੱਖ ਕਰੋੜ ਰੁਪਏ ਤੋਂ ਵੱਧ ਦੇ 382 ਪ੍ਰੋਜੈਕਟਾਂ ਨੂੰ ਗਤੀ ਦਿੱਤੀ ਹੈ। ਇਸ ਅਨੋਖੀ ਪਹਿਲਕਦਮੀ ਨਾਲ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਕਰੋੜਾਂ ਰੁਪਏ ਦੇ ਅਟਕੇ- ਭਟਕੇ ਅਤੇ ਲਟਕੇ ਪ੍ਰੋਜੈਕਟ ਇੱਕ ਤੋਂ ਬਾਅਦ ਇੱਕ ਤੇਜ਼ੀ ਨਾਲ ਪੂਰੇ ਹੋ ਰਹੇ ਹਨ। ਇਸ ਨਾਲ ਇਹ ਯਕੀਨੀ ਹੋ ਰਿਹਾ ਹੈ 140 ਕਰੋੜ ਨਾਗਰਿਕਾਂ ਦਾ ਵਿਕਾਸ ...

- ਉੱਤਰ ਪ੍ਰਦੇਸ਼ ਦੇ ਸਰਯੂ ਨਹਿਰ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ, 1978 ਵਿੱਚ ਅਤੇ ਚਾਰ ਦਹਾਕਿਆਂ ਦੀ ਦੇਰੀ ਤੋਂ ਬਾਅਦ ਵਰ੍ਹੇ 2021 ਵਿੱਚ ਪੂਰਾ ਹੋਇਆ।
- ਕੇਰਲ ਵਿੱਚ ਕੌਲਮ ਬਾਈਪਾਸ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ। 1972 ਵਿੱਚ ਅਤੇ ਪੰਜ ਦਹਾਕਿਆਂ ਦੀ ਦੇਰੀ ਤੋਂ ਬਾਅਦ ਵਰ੍ਹੇ 2019 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਦਾ ਉਦਘਾਟਨ ਕੀਤਾ।
- ਬਿਹਾਰ ਵਿੱਚ ਕੋਸੀ ਰੇਲ ਮਹਾਸੇਤੂ ਨੂੰ ਮਨਜ਼ੂਰੀ ਮਿਲੀ 2003- 04 ਵਿੱਚ ਅਤੇ ਦੋ ਦਹਾਕਿਆਂ ਦੀ ਦੇਰੀ ਤੋਂ ਬਾਅਦ ਵਰ੍ਹੇ 2020 ਵਿੱਚ ਪੂਰਾ ਹੋਇਆ।
- ਅਸਾਮ ਵਿੱਚ ਬੋਗੀਬੀਲ ਸੇਤੂ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ 1997 ਵਿੱਚ ਅਤੇ 2 ਦਹਾਕਿਆਂ ਦੀ ਦੇਰੀ ਤੋਂ ਬਾਅਦ ਵਰ੍ਹੇ 2018 ਵਿੱਚ ਪੂਰਾ ਹੋਇਆ।
- ਅਟਲ ਟਨਲ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ ਵਰ੍ਹੇ 2000 ਵਿੱਚ ਅਤੇ ਦੋ ਦਹਾਕਿਆਂ ਦੀ ਦੇਰੀ ਤੋਂ ਬਾਅਦ ਵਰ੍ਹੇ 2020 ਵਿੱਚ ਪੂਰਾ ਹੋਇਆ।
- ਈਸਟਰਨ –ਵੈਸਟਰਨ ਪੈਰੀਫੇਰਲ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ 2006 ਵਿੱਚ ਅਤੇ ਇੱਕ ਦਹਾਕੇ ਦੀ ਦੇਰੀ ਤੋਂ ਬਾਅਦ 2016 ਅਤੇ 2018 ਵਿੱਚ ਪੂਰਾ ਹੋਇਆ।
- ਨਵੀ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡਾ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ 2007 ਵਿੱਚ ਅਤੇ ਲਗਭਗ ਦੋ ਦਹਾਕਿਆਂ ਦੀ ਦੇਰੀ ਨਾਲ ਦਸੰਬਰ 2025 ਵਿੱਚ ਪੂਰਾ ਹੋਇਆ।
- ਜੰਮੂ- ਉਧਮਪੁਰ- ਸ੍ਰੀਨਗਰ- ਬਾਰਾਮੂਲਾ ਰੇਲਵੇ ਲਿੰਕ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ 1994 ਵਿੱਚ ਅਤੇ ਲਗਭਗ ਤਿੰਨ ਦਹਾਕਿਆਂ ਦੀ ਦੇਰੀ ਤੋਂ ਬਾਅਦ ਜੂਨ 2025 ਵਿੱਚ ਪੂਰਾ ਹੋਇਆ।

ਜ਼ਰਾ ਸੋਚੋ, ਕੀ ਕਿਸੇ ਪ੍ਰੋਜੈਕਟ ਵਿੱਚ ਇੰਨੀ ਲੰਬੀ ਦੇਰੀ ਕਦੇ ਰਾਸ਼ਟਰ ਹਿਤ ਵਿੱਚ ਹੋ ਸਕਦੀ ਹੈ? ਆਖਰ ਪਹਿਲਾਂ ਦੀ ਕਾਰਜਸ਼ੈਲੀ ਅਜਿਹੀ ਕਿਉਂ ਸੀ ਕਿ ਕੰਮ ਇੱਕ ਵਾਰ ਅਟਕ ਜਾਵੇ ਤਾਂ ਵਰ੍ਹਿਆਂ ਤੱਕ ਉੱਥੇ ਹੀ ਲਟਕਿਆ ਰਹਿੰਦਾ ਸੀ – ਨਾ ਜਵਾਬਦੇਹੀ, ਨਾ ਕੋਈ ਪੁੱਛਣ ਵਾਲਾ। ਫਾਈਲਾਂ ਵਿੱਚ ਯੋਜਨਾਵਾਂ ਬਣਦੀਆਂ ਰਹੀਆਂ, ਰਾਜਨੀਤਿਕ ਹਿਤਾਂ ਦੇ ਲਈ ਐਲਾਨ ਹੁੰਦੇ ਰਹੇ, ਦੀਪ ਜਗਦੇ ਅਤੇ ਨੀਂਹ ਪੱਥਰ ਵੀ ਹੁੰਦੇ ਰਹਿੰਦੇ, ਪਰ ਨਤੀਜਾ ਇਹੋ ਰਹਿੰਦਾ ਰਿਹਾ ਕਿ ਕਈ ਪ੍ਰੋਜੈਕਟ ਦਹਾਕਿਆਂ ਤੱਕ ਕਾਗਜ਼ਾਂ ਵਿੱਚ ਹੀ ਲਟਕੇ ਰਹਿੰਦੇ ਸਨ।

ਅਜਿਹੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਾਰਚ 2015 ਵਿੱਚ ਇੱਕ ਤਕਨਾਲੋਜੀ ਵਾਲਾ ਮੰਚ ਬਣਾਇਆ 'ਪ੍ਰਗਤੀ' ਯਾਨੀ ਪ੍ਰੋ- ਐਕਟਿਵ ਗਵਰਨੈਂਸ ਐਂਡ ਟਾਈਮਲੀ ਇੰਪਲੀਮੈਂਟੇਸ਼ਨ। ਇਹ ਇੱਕ ਅਜਿਹਾ ਤਕਨਾਲੋਜੀ ਅਧਾਰਿਤ ਪਲੈਟਫਾਰਮ ਬਣ ਚੁੱਕਿਆ ਹੈ, ਜਿਸ ਦੀ ਹਾਲ ਹੀ ਵਿੱਚ ਸੰਪੰਨ 50ਵੀਂ ਬੈਠਕ ਵਿਕਾਸ ਦੀ ਯਾਤਰਾ ਦਾ ਮੀਲ ਪੱਥਰ ਬਣੀ ਹੈ। ਹਾਲੇ ਤੱਕ

'ਪ੍ਰਗਤੀ' : ਇੱਕ ਨਜ਼ਰ

- 'ਪ੍ਰਗਤੀ' ਵਿਕਾਸ ਦੀ ਨਵੀਂ ਰਾਹ : ਇੱਕ ਸਮਾਂ ਸੀ, ਜਦੋਂ ਵਿਕਾਸ ਪ੍ਰੋਜੈਕਟ ਐਲਾਨਾਂ ਤੋਂ ਬਾਅਦ ਲਾਗੂਕਰਨ ਦੀ ਜ਼ਮੀਨੀ ਹਕੀਕਤ 'ਤੇ ਆ ਕੇ ਅਟਕ ਜਾਂਦੇ ਸਨ। ਕੇਰਲ ਦੇ ਕੌਲਮ ਵਿੱਚ ਸਾਢੇ ਤੇਰ੍ਹਾਂ ਕਿਲੋਮੀਟਰ ਦਾ ਬਾਈਪਾਸ ਬਣਨ ਵਿੱਚ 5 ਦਹਾਕਿਆਂ ਤੋਂ ਵੱਧ ਦਾ ਸਮਾਂ ਲਗਿਆ ਹੋਵੇ ਜਾਂ ਓਡੀਸ਼ਾ ਵਿੱਚ ਖੁਰਦਾ- ਬਲਾਂਗੀਰ ਦੀ ਰੇਲਵੇ ਲਾਈਨ ਬਣਨ ਵਿੱਚ 25 ਵਰ੍ਹੇ ਤੋਂ ਵੱਧ ਦਾ ਸਮਾਂ ।
- 'ਪ੍ਰਗਤੀ' ਸੂਚਨਾ, ਸੰਚਾਰ ਅਤੇ ਤਕਨੀਕ (ਆਈਸੀਟੀ) 'ਤੇ ਅਧਾਰਿਤ ਮਲਟੀ ਮਾਡਲ ਮੰਚ ਹੈ, ਜਿਸ ਦਾ ਉਦੇਸ਼ ਪ੍ਰੋਜੈਕਟਾਂ ਦੀ ਸਮੀਖਿਆ ਅਤੇ ਉਸ ਵਿੱਚ ਹੋਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ।
- 'ਪ੍ਰਗਤੀ' ਦੀਆਂ ਬੈਠਕਾਂ ਦੇ 50ਵੇਂ ਸੰਸਕਰਣ ਤੱਕ (31 ਦਸੰਬਰ, 2025), 85 ਲੱਖ ਕਰੋੜ ਰੁਪਏ ਤੋਂ ਵੱਧ ਦੀ ਕੁੱਲ ਲਾਗਤ ਵਾਲੇ 382 ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ ਹੈ।

ਸਰਦੀਆਂ ਵਿੱਚ ਬਰਫ਼ਬਾਰੀ ਦੀ ਵਜ੍ਹਾ ਨਾਲ ਰੋਹਤਾਂਗ ਦਰਿਆ ਦੇ ਨੇੜੇ ਮਨਾਲੀ- ਲੇਹ ਹਾਈਵੇਅ ਪੰਜ- ਛੇ ਮਹੀਨਿਆਂ ਦੇ ਲਈ ਠੱਪ ਹੋ ਜਾਂਦਾ ਸੀ ਅਤੇ ਇਹ ਖੇਤਰ ਦੇਸ਼ ਦੇ ਹੋਰ ਹਿੱਸਿਆਂ ਤੋਂ ਪੂਰੀ ਤਰ੍ਹਾਂ ਕਟਿਆ ਰਹਿੰਦਾ ਸੀ। ਪਰ ਹੁਣ ਇਹ ਸੜਕ ਪੂਰੇ ਸਾਲ ਦੇ ਲਈ ਖੁੱਲ੍ਹ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 3 ਅਕਤੂਬਰ, 2020 ਨੂੰ ਅਟਲ ਟਨਲ ਰਾਸ਼ਟਰ ਨੂੰ ਸਮਰਪਿਤ ਕੀਤਾ।

> ਉੱਤਰ ਤੋਂ ਦੱਖਣ ਤੱਕ, ਪੂਰਬ ਤੋਂ ਪੱਛਮ ਤੱਕ ਲੋਕਾਂ ਨੇ ਦਹਾਕਿਆਂ ਤੋਂ ਅਟਕੀਆਂ, ਭਟਕੀਆਂ ਅਤੇ ਲਟਕੀਆਂ ਯੋਜਨਾਵਾਂ ਨੂੰ ਸਮਾਂਬੱਧ ਢੰਗ ਨਾਲ ਪੂਰਾ ਹੁੰਦੇ ਦੇਖਿਆ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

'ਪ੍ਰਗਤੀ ' ਪਲੈਟਫਾਰਮ 'ਤੇ 85 ਲੱਖ ਕਰੋੜ ਤੋਂ ਵੱਧ ਦੇ 382 ਪ੍ਰੋਜੈਕਟਾਂ ਨੂੰ ਗਤੀ ਦਿੱਤੀ ਗਈ ਹੈ। ਬੈਠਕਾਂ ਵਿੱਚ ਪ੍ਰੋਜੈਕਟਾਂ ਦੀ ਸਮੀਖਿਆ ਹੁੰਦੀ ਹੈ, ਜਿਸ ਵਿੱਚ ਇਹ ਦੇਖਿਆ ਜਾਂਦਾ ਹੈ ਕਿ ਕਿਸ ਮੰਤਰਾਲੇ ਜਾਂ ਕਿਸ ਰਾਜ ਨੂੰ ਕੀ ਪਰੇਸ਼ਾਨੀ ਹੋ ਰਹੀ ਹੈ। ਕਿਹੜੇ ਕਾਨੂੰਨ ਦੇ ਕਾਰਨ ਪਰੇਸ਼ਾਨੀ ਹੋ ਰਹੀ ਹੈ। ਸਾਰੇ ਪਹਿਲੂਆਂ ਨੂੰ ਬਰੀਕੀ ਨਾਲ ਦੇਖਣ ਤੋਂ ਬਾਅਦ ਉਸ ਦਾ ਹੱਲ ਕੱਢਿਆ ਜਾਂਦਾ ਹੈ। ਇਸ 'ਪ੍ਰਗਤੀ' ਦੇ ਲਾਗੂ ਹੋਣ ਦੇ ਕਾਰਨ ਰੇਲ, ਰੋਡ, ਸਿੰਚਾਈ ਜਾਂ ਪੇਂਡੂ ਵਿਵਸਥਾ ਦਾ ਕੰਮ, ਸਾਰੀਆਂ ਚੀਜ਼ਾਂ ਨੂੰ ਉੱਥੇ ਲਿਆ ਕੇ ਹੱਲ ਕੀਤਾ ਗਿਆ। ਹਾਲ ਹੀ ਵਿੱਚ ਜੰਮੂ ਉਧਮਪੁਰ- ਸ੍ਰੀਨਗਰ ਬਾਰਾਮੂਲਾ ਰੇਲ ਲਾਈਨ ਪ੍ਰੋਜੈਕਟ ਪੂਰਾ ਹੋਇਆ ਹੈ ਅਤੇ ਬਰਫਬਾਰੀ ਦੇ ਦਿਨਾਂ ਦੀ ਇੱਕ ਵੀਡੀਓ ਬਹੁਤ ਪ੍ਰਸਿੱਧ ਹੋਈ ਹੈ। ਚਾਰੇ ਪਾਸੇ ਵਿਛੀਆਂ ਬਰਫ ਦੀਆਂ ਚਾਦਰਾਂ ਦੇ ਵਿਚਕਾਰ ਵੰਦੇ ਮਾਤਰਮ ਭਾਰਤ ਟ੍ਰੇਨ ਨਿਕਲ ਰਹੀ ਹੈ ਅਤੇ ਲੋਕ ਕਹਿੰਦੇ ਹਨ, ਗਲਤੀ ਨਾ ਕਰਨਾ, ਇਹ ਵਿਦੇਸ਼ ਨਹੀਂ, ਇਹ ਹਿੰਦੁਸਤਾਨ ਹੈ। ਪਰ ਹਕੀਕਤ ਵੀ ਜਾਣਨੀ ਹੋਵੇਗੀ ਕਿ ਇਹ ਪ੍ਰੋਜੈਕਟ ਤਿੰਨ ਦਹਾਕਿਆਂ ਤੋਂ ਲਟਕਿਆ ਹੋਇਆ ਸੀ। ਜਿਸ ਨੂੰ ਮੌਜੂਦਾ ਕੇਂਦਰ ਸਰਕਾਰ ਨੇ ਸਾਕਾਰ ਕਰਕੇ ਦਿਖਾਇਆ ਹੈ। ਇਸੇ ਤਰ੍ਹਾਂ ਅਸਾਮ ਦਾ ਬੋਗੀਬੀਲ ਬ੍ਰਿਜ, ਇਹ ਬੋਗੀਬੀਲ ਬ੍ਰਿਜ ਅਰੁਣਾਚਲ ਅਤੇ ਅਸਾਮ ਨੂੰ ਜੋੜਨ ਵਾਲਾ ਬਹੁਤ ਮਹੱਤਵਪੂਰਨ ਬ੍ਰਿਜ ਹੈ। ਕਿੰਨੇ ਹੀ ਵਰ੍ਹਿਆਂ ਤੱਕ ਇਹ ਪ੍ਰੋਜੈਕਟ ਲਟਕਿਆ ਰਿਹਾ, ਇਸ ਦੀ 'ਪ੍ਰਗਤੀ' ਦੇ ਜ਼ਰੀਏ ਸਮੀਖਿਆ ਹੋਈ ਅਤੇ ਅਸਾਮ ਸਮੇਤ ਪੂਰੇ ਉੱਤਰ ਪੂਰਵ ਦਾ ਬਹੁਤ ਵੱਡੀ ਸੁਵਿਧਾ ਵਾਲਾ ਇਹ ਕੰਮ ਪੂਰਾ ਹੋ ਚੁੱਕਿਆ ਹੈ।

ਅਸਲ ਵਿੱਚ, ਕਿਸੇ ਵੀ ਯੋਜਨਾ ਦੀ ਕਾਰਜ ਰੂਪ-ਰੇਖਾ ਵਿੱਚ ਪਰਿਨਿਤੀ ਯਾਨੀ ਲਾਗੂ ਕਰਨਾ ਕੀ ਹੁੰਦਾ ਹੈ, ਅੱਜ ਦੇਸ਼ ਦੇ ਸਾਹਮਣੇ ਇਸ ਦੀਆਂ ਹਜ਼ਾਰਾਂ ਉਦਾਹਰਣਾਂ ਮੌਜੂਦ ਹਨ। ਪਰ ਸਵਾਲ ਇਹ ਹੈ ਕਿ ਦਹਾਕਿਆਂ ਤੋਂ ਪੈਂਡਿੰਗ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੀ ਕਿਉਂ ਚੁੱਕੀ? ਸਹੀ ਅਰਥਾਂ ਵਿੱਚ ਇਹੀ ਨੀਤੀ, ਨੀਅਤ ਅਤੇ

ਫੈਸਲੇ ਦੀ ਤ੍ਰਿਵੇਣੀ ਹੈ ਜੋ ਕਿਸੇ ਵੀ ਯੋਜਨਾ ਦਾ ਅਧਾਰ ਹੁੰਦਾ ਹੈ ਅਤੇ ਅੱਜ 'ਪ੍ਰਗਤੀ' ਇਸ ਦੀ ਸਮਾਨਾਰਥੀ ਬਣ ਗਈ ਹੈ। ਇਹ ਸਿਰਫ਼ ਪੁਰਾਣੇ ਪ੍ਰੋਜੈਕਟਾਂ ਤੱਕ ਸੀਮਤ ਨਹੀਂ ਹੈ, ਪ੍ਰਧਾਨ ਮਤਰੀ ਮੋਦੀ ਨੇ ਵੀ ਜਿਨ੍ਹਾਂ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ, ਉਨ੍ਹਾਂ 'ਤੇ 'ਪ੍ਰਗਤੀ' ਦੀ ਨਿਰੰਤਰ ਨਜ਼ਰ ਬਣੀ ਰਹਿੰਦੀ ਹੈ।

'ਸਵਾਗਤ' ਤੋਂ 'ਪ੍ਰਗਤੀ' ਵਿਕਾਸ ਦੀ ਨਵੀਂ ਯਾਤਰਾ

'ਪ੍ਰਗਤੀ' ਪਲੈਟਫਾਰਮ ਦੀ ਉਦਾਹਰਣ ਦੇਖੋ। ਹਿਮਾਚਲ ਪ੍ਰਦੇਸ਼ ਵਿੱਚ ਇੱਕ ਟ੍ਰੇਨ ਦਹਾਕਿਆਂ ਪਹਿਲਾਂ ਊਨਾ ਦੇ ਲਈ ਸੰਸਦ ਵਿੱਚ ਐਲਾਨੀ ਗਈ ਸੀ। ਪਰ ਪ੍ਰਧਾਨ ਮੰਤਰੀ ਮੋਦੀ ਦੇ ਸ਼ਾਸਨ ਵਿੱਚ ਆਉਣ ਤੱਕ ਕਾਗਜ਼ 'ਤੇ ਉਸ ਦੀ ਫੋਟੋ ਤੱਕ ਨਹੀਂ ਬਣੀ ਸੀ। ਇਹ ਵਿਸ਼ਾ ਜਦੋਂ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ ਵਾਲੇ 'ਪ੍ਰਗਤੀ' ਮੰਚ 'ਤੇ ਆਇਆ ਤਾਂ ਹੱਲ ਹੋਇਆ ਅਤੇ ਅੱਜ ਉਹ ਟ੍ਰੇਨ ਪਹਾੜਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ। ਅਜਿਹੇ ਕਈ ਵਿਸ਼ੇ 'ਪ੍ਰਗਤੀ' ਮੰਚ 'ਤੇ ਆਏ ਜਿਸ ਵਿੱਚ ਇਹ ਦੇਖਿਆ ਗਿਆ ਕਿ ਪ੍ਰੋਜੈਕਟ ਕਿਉਂ ਅਟਕੇ ਹਨ, ਲਾਗਤ ਵਿੱਚ ਕੀ ਅੰਤਰ ਆਇਆ ਹੈ, ਕਿਸ ਵਿਭਾਗ ਦੇ ਕਾਰਨ ਦੇਰੀ ਹੋ ਰਹੀ ਹੈ, ਕਿਸ ਨੇ ਗਲਤ ਢੰਗ ਨਾਲ ਇਸ ਵਿੱਚ ਦੇਰੀ ਕੀਤੀ ਹੈ। ਜੋ ਯੋਜਨਾ 900 ਕਰੋੜ ਰੁਪਏ ਵਿੱਚ ਹੋਣੀ ਸੀ, ਉਹ 90 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਈ ਸੀ। ਇਸੇ ਤਰ੍ਹਾਂ ਵਰ੍ਹੇ 2015 ਵਿੱਚ 'ਪ੍ਰਗਤੀ' ਦੀ ਬੈਠਕ ਵਿੱਚ ਨਵੀ ਮੁੰਬਈ ਇੰਟਰਨੈਸ਼ਨਲ ਏਅਰਪੋਰਟ ਦਾ ਵਿਸ਼ਾ ਆਇਆ ਸੀ, ਤਾਂ ਪ੍ਰਧਾਨ ਮੰਤਰੀ ਮੋਦੀ ਹੈਰਾਨ ਰਹਿ ਗਏ ਸਨ। ਵਣਜ ਰਾਜਧਾਨੀ ਮੁੰਬਈ ਵਿੱਚ ਦੂਸਰੇ ਏਅਰਪੋਰਟ ਨੂੰ ਲੈ ਕੇ ਨਵੰਬਰ 1997 ਵਿੱਚ ਪਹਿਲੀ ਵਾਰ ਕਮੇਟੀ ਬਣੀ ਸੀ। ਉਦੋਂ ਤੋਂ ਲੈ ਕੇ ਕਰੀਬ-ਕਰੀਬ 20 ਵਰ੍ਹਿਆਂ ਤੱਕ ਸਿਰਫ਼ ਫਾਈਲਾਂ ਇੱਧਰ ਤੋਂ ਉੱਧਰ ਹੀ ਦੌੜਦੀਆਂ ਰਹੀਆਂ। ਇਸ ਦਰਮਿਆਨ ਕਿੰਨੀਆਂ ਸਰਕਾਰਾਂ ਆਈਆਂ, ਕਿੰਨੀਆਂ ਚਲੀਆਂ ਗਈਆਂ ਪਰ ਨਵੀ ਮੁੰਬਈ ਏਅਰਪੋਰਟ ਦੀ ਫਾਈਲ ਅੱਗੇ ਨਹੀਂ ਵਧ ਸਕੀ। 'ਪ੍ਰਗਤੀ' ਦੀ ਬੈਠਕ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸਾਰੇ ਅਫਸਰਾਂ ਅਤੇ ਸਾਰੇ ਵਿਭਾਗਾਂ ਨੂੰ ਇਕੱਠੇ ਆਹਮਣੇ- ਸਾਹਮਣੇ ਲਿਆ ਕੇ ਇਸ ਪ੍ਰੋਜੈਕਟ ਦੇ ਵਿਚਕਾਰ ਆ ਰਹੀਆਂ ਸਾਰੀਆਂ ਰੁਕਵਟਾਂ ਨੂੰ ਦੂਰ ਕੀਤਾ ਅਤੇ ਹੁਣ

'ਪ੍ਰਗਤੀ' ਦੀ ਗਤੀ ਅਤੇ ਮਹੱਤਵ ਨੂੰ ਇਸ ਤਰ੍ਹਾਂ ਸਮਝੋ

'ਪ੍ਰਗਤੀ' ਮੰਚ ਦੀ ਸ਼ੁਰੂਆਤ 25 ਮਾਰਚ 2015 ਨੂੰ ਹੋਈ।

50 ਬੈਠਕਾਂ ਹੁਣ ਤੱਕ ਪ੍ਰਗਤੀ ਦੀਆਂ ਹੋ ਚੁੱਕੀਆਂ ਹਨ।

382 ਪ੍ਰਮੁੱਖ ਰਾਸ਼ਟਰੀ ਪ੍ਰੋਜੈਕਟਾਂ ਦੀ ਸਮੀਖਿਆ ਹੋਈ।

85 ਲੱਖ ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਨੂੰ ਦਿੱਤੀ ਗਈ ਗਤੀ।

61 ਕਲਿਆਣਕਾਰੀ ਯੋਜਨਾਵਾਂ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਹਨ ਵੰਨ ਨੇਸ਼ਨ ਵੰਨ ਰਾਸ਼ਨ ਕਾਰਡ, ਪੀਐੱਮ ਜਨ ਆਰੋਗਯ ਯੋਜਨਾ, ਪੀਐੱਮ ਆਵਾਸ ਯੋਜਨਾ, ਪੀਐੱਮ ਸਵਨਿਧੀ ਅਤੇ ਸਵੱਛ ਭਾਰਤ ਮਿਸ਼ਨ।

36 ਪ੍ਰਮੁੱਖ ਸੈਕਟਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਜਿਸ ਵਿੱਚ ਕੋਰੋਨਾ, ਰੇਰਾ, ਬੈਂਕਿੰਗ, ਇੰਸ਼ੋਰੈਂਸ, ਮਾਤ੍ਰਿ ਵੰਦਨਾ ਅਤੇ ਜਨ-ਧਨ ਯੋਜਨਾ ਸ਼ਾਮਲ ਹਨ।

7,735 ਮੁੱਦਿਆਂ ਨੂੰ ਇੱਥੇ ਚੁੱਕਿਆ ਗਿਆ ਜਿਸ ਵਿੱਚ → **7,156** ਦਾ ਹੱਲ ਕਰ ਲਿਆ ਗਿਆ।

ਪੂੰਜੀਗਤ ਲਾਗਤ

ਵਿੱਤੀ ਵਰ੍ਹੇ 2014-15 ਵਿੱਚ 4.26 ਲੱਖ ਕਰੋੜ ਰੁਪਏ ਤੋਂ ਵਿੱਤੀ ਵਰ੍ਹੇ 2025- 26 ਵਿੱਚ ਸਾਢੇ ਤਿੰਨ ਗੁਣਾ ਤੋਂ ਜ਼ਿਆਦਾ ਵਧ ਕੇ ਅਨੁਮਾਨਿਤ 15.53 ਲੱਖ ਕਰੋੜ ਰੁਪਏ ਤੱਕ ਪਹੁੰਚਿਆ।

ਸਮੱਸਿਆ ਨਿਵਾਰਣ ਵਿਧੀ

ਨਵੀ ਮੁੰਬਈ ਏਅਰਪੋਰਟ ਦਾ ਸੁਪਨਾ ਵੀ ਸਾਕਾਰ ਹੋ ਚੁੱਕਿਆ ਹੈ। ਇਸੇ ਤਰ੍ਹਾਂ 2017 ਵਿੱਚ ਸਾਕਾਰ ਹੋਇਆ ਦਿੱਲੀ ਸਥਿਤ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਦਾ ਸੁਪਨਾ। ਜਿਸ ਨੂੰ ਬਣਾਉਣ ਦਾ ਫੈਸਲਾ 1992 ਵਿੱਚ ਹੋਇਆ ਸੀ ਪਰ 23 ਵਰ੍ਹਿਆਂ ਤੱਕ ਕੁਝ ਨਹੀਂ ਹੋਇਆ। 2014 ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਸ਼ਾਸਨ ਕਾਲ ਵਿੱਚ ਹੀ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਅਤੇ ਉਦਘਾਟਨ ਹੋਇਆ।

ਇਹ ਸਿਰਫ ਇੱਕ ਪ੍ਰੋਜੈਕਟ ਦੀ ਕਹਾਣੀ ਹੈ, ਅਜਿਹੇ 382 ਪ੍ਰੋਜੈਕਟਸ ਅੱਜ ਜਾਂ ਤਾਂ ਸਾਕਾਰ ਹੋ ਚੁੱਕੇ ਹਨ ਜਾਂ ਕੁਝ ਹੋਣ ਵਾਲੇ ਹਨ। ਇਹ ਕਾਰਜ-ਸੱਭਿਆਚਾਰ ਵਿੱਚ ਆਈ ਤਬਦੀਲੀ ਦੀ ਜਿਉਂਦੀ ਜਾਗਦੀ ਉਦਾਹਰਣ ਹੈ। ਅਜਿਹੇ ਪ੍ਰੋਜੈਕਟਾਂ ਦੀ ਸੂਚੀ ਬਹੁਤ ਲੰਬੀ ਹੈ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰੇਂਦਰ ਮੋਦੀ ਦੀ ਅਨੋਖੀ ਪਹਿਲ ਨਾਲ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਹਜ਼ਾਰਾਂ ਕਰੋੜ ਰੁਪਏ ਦੇ ਅਟਕੇ- ਭਟਕੇ ਅਤੇ ਲਟਕੇ ਪ੍ਰੋਜੈਕਟਸ ਇੱਕ ਤੋਂ ਬਾਅਦ ਇੱਕ ਤੇਜ਼ੀ ਨਾਲ ਪੂਰੇ ਹੋ ਰਹੇ ਹਨ। ਪ੍ਰੋਜੈਕਟਾਂ ਨੂੰ ਫਾਈਲਾਂ ਤੋਂ ਕੱਢ ਕੇ ਜ਼ਮੀਨ 'ਤੇ ਤੈਅ ਸਮੇਂ 'ਤੇ ਉਤਾਰਿਆ ਜਾ ਚੁੱਕਾ ਹੈ। ਇਹ ਕ੍ਰਾਂਤੀਕਾਰੀ ਤਬਦੀਲੀ ਸੰਭਵ ਹੋਈ ਹੈ, 'ਪ੍ਰਗਤੀ' ਪਲੈਟਫਾਰਮ ਦੀ ਮਦਦ ਨਾਲ। ਇਸ ਨਾਲ ਨਾ ਸਿਰਫ਼ ਭ੍ਰਿਸ਼ਟਾਚਾਰ ਖਤਮ ਹੋਇਆ ਹੈ, ਸਗੋਂ ਲਾਗਤ ਅਤੇ ਸਮੇਂ ਵਿੱਚ ਵੀ ਕਮੀ ਆਈ ਹੈ। ਇਸ ਚਾਰੇ ਪਾਸੇ ਦੇ ਵਿਕਾਸ ਦਾ ਲਾਭ ਦੂਰ-ਦੁਰਾਡੇ ਤੱਕ ਕਿਸਾਨਾਂ, ਕਬਾਇਲੀਆਂ, ਗ਼ਰੀਬਾਂ, ਮਹਿਲਾਵਾਂ ਤੱਕ ਸਿੱਧਾ ਪਹੁੰਚ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦੇ ਦਿਸ਼ਾ- ਨਿਰਦੇਸ਼ਾਂ ਨਾਲ ਭਾਰਤ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਰਾਜ ਸਰਕਾਰਾਂ ਵਿੱਚ ਤਾਲਮੇਲ ਸਥਾਪਿਤ ਹੋਇਆ ਹੈ ਅਤੇ ਕਈ ਪੈਂਡਿੰਗ ਪ੍ਰੋਜੈਕਟ ਪੂਰੇ ਹੋ ਸਕੇ। ਇਸ ਪਲੈਟਫਾਰਮ 'ਤੇ ਵਿਕਾਸ ਪ੍ਰੋਜੈਕਟਾਂ ਦੀ ਨਿਗਰਾਨੀ ਪ੍ਰਧਾਨ ਮੰਤਰੀ ਮੋਦੀ ਖੁਦ ਕਰਦੇ ਹਨ। ਇਹ 25 ਮਾਰਚ 2015 ਤੋਂ ਹਰ ਮਹੀਨੇ ਇਸ ਤਰ੍ਹਾਂ ਬੈਠਕਾਂ ਕਰ ਰਹੇ ਹਨ। ਇਸ ਮੰਚ ਦੇ ਜ਼ਰੀਏ ਪਛਾਣੀਆਂ ਗਈਆਂ ਲਗਭਗ 96% ਸਮੱਸਿਆਵਾਂ ਨੂੰ ਹੱਲ ਕੀਤਾ ਗਿਆ, ਜਿਸ ਨਾਲ ਦੇਰੀ, ਲਾਗਤ ਵਾਧਾ ਅਤੇ ਆਪਸੀ ਤਾਲਮੇਲ ਦੀਆਂ ਖਾਮੀਆਂ ਵਿੱਚ ਭਾਰੀ ਕਮੀ ਆਈ। ਇਸ ਮੰਚ 'ਤੇ ਹਰ ਵਿਭਾਗ ਦੇ ਨਾਲ ਨਾ ਸਿਰਫ਼ ਚਰਚਾ ਹੁੰਦੀ ਹੈ ਸਗੋਂ ਮੌਕੇ 'ਤੇ ਹੀ ਤੁਰੰਤ ਹੱਲ ਕੱਢਿਆ ਜਾਂਦਾ ਹੈ। ਇਸ ਪਲੈਟਫਾਰਮ ਦੀ ਨੀਂਹ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਗੁਜਰਾਤ ਦਾ ਅਨੁਭਵ ਹੈ। ਗੁਜਰਾਤ ਦੇ ਮੁੱਖ ਮੰਤਰੀ ਰਹਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਸਵਾਗਤ ਪਲੈਟਫਾਰਮ ਸ਼ੁਰੂ ਕੀਤਾ ਸੀ। ਇੱਕ ਅਜਿਹਾ ਤਕਨੀਕੀ ਸਾਧਨ, ਜਿਸ ਨਾਲ ਜਨਤਾ ਦੀ ਸ਼ਿਕਾਇਤ ਸਿੱਧੇ ਮੁੱਖ ਮੰਤਰੀ ਤੱਕ ਪਹੁੰਚਦੀ ਅਤੇ ਉਨ੍ਹਾਂ ਦਾ ਸਮਾਂਬੱਧ ਨਿਪਟਾਰਾ ਹੁੰਦਾ ਸੀ। ਸਵਾਗਤ (SWAGAT) ਨੇ ਪਾਰਦਰਸ਼ਿਤਾ ਅਤੇ ਜਵਾਬਦੇਹੀ ਦੀ ਨੀਂਹ ਰੱਖੀ। ਇਸੇ ਅਨੁਭਵ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰੀ ਪੱਧਰ 'ਤੇ ਵਿਸਤਾਰਿਤ ਕੀਤਾ ਅਤੇ 'ਪ੍ਰਗਤੀ' ਦੇ ਰੂਪ ਵਿੱਚ ਇੱਕ ਏਕੀਕ੍ਰਿਤ, ਬਹੁ- ਏਜੰਸੀ ਮੰਚ ਤਿਆਰ ਕੀਤਾ ਜੋ ਸੰਘਵਾਦ ਦੀ ਬਿਹਤਰੀਨ ਉਦਾਹਰਣ ਬਣਿਆ। ਇਸ ਤੋਂ ਬਾਅਦ ਵੱਡੇ ਅਤੇ ਪ੍ਰਮੁੱਖ ਪ੍ਰੋਜੈਕਟਾਂ ਨਾਲ ਜੁੜੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਦੇ ਨਾਲ ਉਸ ਵਿੱਚ ਦੇਰੀ ਨਾ ਹੋਵੇ ਇਸ ਦੇ ਲਈ ਸਾਰਿਆਂ ਨੂੰ ਇੱਕ ਹੀ ਛੱਤ ਦੇ ਹੇਠਾਂ ਲਿਆਂਦਾ ਗਿਆ। ਇੱਥੇ ਮੰਤਰਾਲੇ ਅਤੇ ਵਿਭਾਗ ਵੱਖ-ਵੱਖ ਕੰਮ ਕਰਨ ਤੋਂ ਪਰ੍ਹੇ ਜਾ ਕੇ ਸਮੱਸਿਆਵਾਂ ਦਾ ਹੱਲ ਲੱਭਦੇ ਹਨ।

ਪ੍ਰਧਾਨ ਮੰਤਰੀ ਮੋਦੀ ਖੁਦ ਕਹਿੰਦੇ ਹਨ ਕਿ 2014 ਤੋਂ ਸਰਕਾਰ ਨੇ ਕਾਰਜ ਨੂੰ ਪੂਰਾ ਕਰਨ ਅਤੇ ਜਵਾਬਦੇਹੀ ਨੂੰ ਸੰਸਥਾਗਤ ਬਣਾਉਣ ਦੇ ਲਈ ਕੰਮ ਕੀਤਾ ਹੈ।

'ਪ੍ਰਗਤੀ' ਈਕੋਸਿਸਟਮ ਵਿੱਚ ਮੁੱਦਿਆਂ ਦਾ ਹੱਲ

7,735 ਮੁੱਦੇ ਚੁੱਕੇ ਗਏ | **7,156 ਮੁੱਦਿਆਂ ਦਾ ਹੱਲ ਕੀਤਾ ਗਿਆ**





ਇੱਕ ਅਜਿਹੀ ਪ੍ਰਣਾਲੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਕੰਮ ਨੂੰ ਲਗਾਤਾਰ ਫਾਲੋਅਪ ਦੇ ਨਾਲ ਅੱਗੇ ਵਧਾਇਆ ਜਾਂਦਾ ਹੈ। ਇਸ ਨੂੰ ਤੈਅ ਸਮੇਂ ਅਤੇ ਤੈਅ ਬਜਟ ਵਿੱਚ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਸ਼ੁਰੂ ਕੀਤੇ ਗਏ ਪ੍ਰੋਜੈਕਟਸ ਜੋ ਅਧੂਰੇ ਰਹਿ ਗਏ ਸਨ ਜਾਂ ਜਿਨ੍ਹਾਂ ਨੂੰ ਭੁਲਾ ਦਿੱਤਾ ਗਿਆ ਸੀ, ਉਨ੍ਹਾਂ ਨੂੰ ਰਾਸ਼ਟਰੀ ਹਿਤ ਵਿੱਚ ਪੁਨਰ ਸੁਰਜੀਤ ਅਤੇ ਪੂਰਾ ਕੀਤਾ ਗਿਆ ਹੈ। ਕਈ ਪ੍ਰੋਜੈਕਟਸ ਜੋ ਦਹਾਕਿਆਂ ਤੱਕ ਅਟਕੇ ਹੋਏ ਸਨ, ਉਨ੍ਹਾਂ ਨੂੰ 'ਪ੍ਰਗਤੀ' ਪਲੈਟਫਾਰਮ ਦੇ ਤਹਿਤ ਲਿਆਉਣ ਤੋਂ ਬਾਅਦ ਪੂਰਾ ਕੀਤਾ ਜਾਵੇਗਾ।

ਟੀਮ ਭਾਰਤ ਦੀ ਸ਼ਾਨਦਾਰ ਉਦਾਹਰਣ

ਪ੍ਰਧਾਨ ਮੰਤਰੀ ਮੋਦੀ ਦਾ ਮੰਨਣਾ ਹੈ ਕਿ ਪ੍ਰੋਜੈਕਟ ਸਿਰਫ਼ ਇਰਾਦੇ ਦੀ ਕਮੀ ਦੇ ਕਾਰਨ ਅਸਫਲ ਨਹੀਂ ਹੁੰਦੇ। ਕਈ ਪ੍ਰੋਜੈਕਟ ਤਾਲਮੇਲ ਦੀ ਘਾਟ ਅਤੇ ਵੱਖ-ਵੱਖ ਕੰਮ ਕਰਨ 'ਤੇ ਅਧਾਰਿਤ ਕਾਰਜਪ੍ਰਣਾਲੀ ਦੇ ਕਾਰਨ ਵੀ ਅਸਫਲ ਹੁੰਦੇ ਹਨ। 'ਪ੍ਰਗਤੀ' ਮੰਚ ਇਸ ਦੇ ਹੱਲ ਦੇ ਲਈ ਸਾਰੇ ਹਿਤਧਾਰਕਾਂ ਨੂੰ ਇੱਕ ਮੰਚ 'ਤੇ ਲੈ ਕੇ ਆਇਆ, ਜੋ ਸਾਂਝੇ ਸਿੱਟੇ ਹਾਸਲ ਕਰਨ ਦੇ ਅਨੁਰੂਪ ਹੈ। 'ਪ੍ਰਗਤੀ' ਅੱਜ ਸਹਿਯੋਗੀ ਸੰਘਵਾਦ ਦਾ ਇੱਕ ਪ੍ਰਭਾਵਸ਼ਾਲੀ ਮਾਡਲ ਹੈ, ਜਿੱਥੇ ਕੇਂਦਰ ਅਤੇ ਰਾਜ ਇੱਕ ਟੀਮ ਦੇ ਰੂਪ ਵਿੱਚ ਕੰਮ ਕਰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ 50ਵੀਂ ਬੈਠਕ ਵਿੱਚ ਦੱਸਿਆ ਕਿ ਇਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਲਗਭਗ 500 ਭਾਰਤ ਸਰਕਾਰ ਦੇ ਸਕੱਤਰ ਅਤੇ ਰਾਜ ਦੇ ਮੁੱਖ ਸਕੱਤਰ 'ਪ੍ਰਗਤੀ' ਬੈਠਕ ਵਿੱਚ ਹਿੱਸਾ ਲੈ ਚੁੱਕੇ ਹਨ। 'ਪ੍ਰਗਤੀ' ਮੰਚ ਨੇ ਰਾਸ਼ਟਰੀ ਤਰਜੀਹਾਂ ਦੇ ਲਈ ਲੋੜੀਂਦੇ ਸੰਸਾਧਨ ਯਕੀਨੀ ਬਣਾਏ ਹਨ ਅਤੇ ਵੱਖ- ਵੱਖ ਖੇਤਰਾਂ ਵਿੱਚ ਲਗਾਤਾਰ ਨਿਵੇਸ਼ ਹੋਏ ਹਨ। ਰਿਫੌਰਮ, ਪਰਫੌਰਮ, ਟ੍ਰਾਂਸਫੌਰਮ ਦੇ ਮੰਤਰ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਹੁਣ 'ਪ੍ਰਗਤੀ' ਦੇ ਜ਼ਰੀਏ ਅਗਲੇ ਪੜਾਅ ਵਿੱਚ ਮੰਤਰ ਦਿੱਤਾ – "ਸਰਲ ਬਣਾਉਣ ਦੇ ਲਈ ਸੁਧਾਰ ਕਰੋ, ਕਾਰਜ-ਪੂਰਨਤਾ ਦੇ ਲਈ ਕੰਮ ਕਰੋ, ਪ੍ਰਭਾਵ ਪਾਉਣ ਦੇ ਲਈ ਪਰਿਵਰਤਨ ਕਰੋ।"

ਤਕਨੀਕ ਨਾਲ 'ਪ੍ਰਗਤੀ' ਦਾ ਨਵਾਂ ਰਾਹ

"ਜਦੋਂ ਯੋਜਨਾਵਾਂ ਵਿੱਚ ਗਤੀ ਆਉਂਦੀ ਹੈ, ਉਦੋਂ ਹੀ ਦੇਸ਼ ਵਿੱਚ ਪ੍ਰਗਤੀ ਆਉਂਦੀ ਹੈ। " ਸਾਹਸੀ ਸੁਧਾਰਵਾਦ ਦੇ ਮੋਢੀ ਬਣ ਚੁੱਕੇ ਪ੍ਰਧਾਨ ਮੰਤਰੀ ਮੋਦੀ ਦੀ ਇਹੀ ਸੋਚ ਨਵੇਂ ਵਿਸ਼ਵਾਸ ਦੇ ਨਾਲ ਨਵੀਂ ਸ਼ੁਰੂਆਤ ਦੀ ਪ੍ਰਤੀਕ ਬਣ ਚੁੱਕੀ ਹੈ। ਕਦੇ ਅਸੰਭਵ ਜਾਂ ਛੋਟਾ ਮੰਨ ਕੇ ਨੀਅਤੀ ਦੇ ਭਰੋਸੇ ਛੱਡ ਦਿੱਤੀਆਂ ਗਈਆਂ ਉਮੀਦਾਂ ਹੁਣ ਸਾਕਾਰ ਹੋ ਰਹੀਆਂ ਹਨ। ਲੀਕ ਤੋਂ ਹਟ ਕੇ ਸ਼ੁਰੂ ਕੀਤੀ ਗਈ 'ਪ੍ਰਗਤੀ' ਪਹਿਲਕਦਮੀ ਨਵੇਂ ਭਾਰਤ ਵਿੱਚ ਬਦਲਾਅ ਦੀ ਪਟਕਥਾ ਤਿਆਰ ਕਰ ਰਹੀ ਹੈ, ਤਾਂ ਜੋ 2047 ਵਿੱਚ ਦੇਸ਼ ਜਦੋਂ ਆਪਣੀ ਆਜ਼ਾਦੀ ਦੀ ਸ਼ਤਾਬਦੀ ਵਰ੍ਹੇਗੰਢ ਮਨਾਏ, ਤਾਂ ਇਨ੍ਹਾਂ ਹੀ ਸੰਕਲਪਾਂ ਦੀ ਸਿੱਧੀ ਉਸ ਨੂੰ ਦੁਨੀਆ ਦੇ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਸ਼ਾਮਲ ਕਰਵਾ ਸਕੇ। ਨਵੇਂ ਭਾਰਤ ਦਾ ਟੀਚਾ, ਲੋਕਾਂ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਸਮਝਦੇ ਹੋਏ ਤੇਜ਼ ਗਤੀ ਨਾਲ ਕੰਮ ਕਰਨ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਯਤਨ ਹੈ –ਕੇਂਦਰੀ ਪੱਧਰ 'ਤੇ 'ਪ੍ਰਗਤੀ' ਨਾਮ ਨਾਲ ਬਣਾਈ ਗਈ ਵਿਵਸਥਾ। ਦੇਸ਼ ਦੀਆਂ ਵੱਖ-ਵੱਖ ਯੋਜਨਾਵਾਂ ਵਿੱਚ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਵਿੱਚ ਤੇਜ਼ੀ ਲਿਆਉਣ ਵਿੱਚ ਇਸ 'ਪ੍ਰਗਤੀ' ਪਲੈਟਫਾਰਮ ਦੀ ਬਹੁਤ ਵੱਡੀ ਭੂਮਿਕਾ ਹੈ। 'ਪ੍ਰਗਤੀ' ਦੀਆਂ

ਆਕਸਫੋਰਡ ਦੇ ਸੈਦ ਬਿਜ਼ਨਸ ਸਕੂਲ ਦੀ ਸਟਡੀ

ਟੌਪ ਲੀਡਰਸ਼ਿਪ ਨਾਲ ਦਿਸ਼ਾ : PRAGATI ਅੱਜ ਜਿਸ ਸਰੂਪ ਵਿੱਚ ਹੈ, ਇਹ ਫੈਸਲਾਕੁੰਨ ਅਤੇ ਸਰਗਰਮ ਅਗਵਾਈ ਦਾ ਨਤੀਜਾ ਹੈ- ਖਾਸ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ। ਸ਼ਿਖਰਲੇ ਪੱਧਰ 'ਤੇ ਨਿਯਮਿਤ ਮਾਸਿਕ ਸਮੀਖਿਆ ਅਤੇ ਸਿੱਧੀ ਭਾਗੀਦਾਰੀ ਨੇ ਨਾ ਸਿਰਫ਼ ਸਪਸ਼ਟ ਦਿਸ਼ਾ ਤੈਅ ਕੀਤੀ, ਸਗੋਂ ਸਮੱਸਿਆਵਾਂ ਨੂੰ ਜਲਦੀ ਹੱਲ ਕਰਨ ਨੂੰ ਗਤੀ ਦਿੱਤੀ। ਸਾਰੇ ਹਿਤਧਾਰਕਾਂ ਵਿੱਚ ਟੀਮਵਰਕ ਦੀ ਸਮੂਹਿਕ ਭਾਵਨਾ ਨੂੰ ਮਜ਼ਬੂਤ ਕੀਤਾ।

PRAGATI ਦੇ ਪ੍ਰਭਾਵ ਸਿਰਫ਼ ਆਰਥਿਕ ਵਿਕਾਸ ਤੱਕ ਸੀਮਤ ਨਹੀਂ ਰਹੇ ਹਨ, ਸਗੋਂ ਇਸ ਨੇ ਸਮਾਜਿਕ ਪ੍ਰਗਤੀ ਅਤੇ ਵਾਤਾਵਰਣ ਦੀ ਸਥਿਰਤਾ ਨੂੰ ਵੀ ਹੁਲਾਰਾ ਦਿੱਤਾ ਹੈ। ਸੜਕਾਂ, ਰੇਲ, ਜਲ ਅਤੇ ਬਿਜਲੀ ਜਿਹੀਆਂ ਜ਼ਰੂਰੀ ਸੇਵਾਵਾਂ ਉਪਲਬਧ ਕਰਵਾਉਣ ਵਾਲੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਕੇ **PRAGATI** ਨੇ ਕਰੋੜਾਂ ਭਾਰਤੀਆਂ ਦੇ ਜੀਵਨ ਪੱਧਰ ਵਿੱਚ ਸੁਧਾਰ ਕੀਤਾ ਹੈ। ਇਸ ਮੰਚ ਨੇ ਆਪਣੀ ਕਾਰਜ ਪ੍ਰਣਾਲੀ ਵਿੱਚ ਸਥਿਰਤਾ ਨੂੰ ਵੀ ਮੂਲ ਤੱਤ ਦੇ ਰੂਪ ਵਿੱਚ ਸ਼ਾਮਲ ਕੀਤਾ ਹੈ। ਵਾਤਾਵਰਣ ਸਬੰਧੀ ਪ੍ਰਵਾਨਗੀਆਂ ਨੂੰ ਜਲਦੀ ਪ੍ਰਦਾਨ ਕਰਨ ਵਿੱਚ ਸਹਾਇਤਾ ਅਤੇ ਗ੍ਰੀਨ ਟੈਕਨੋਲੋਜੀਆਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਹੈ। ਇਹ ਸੰਪੂਰਨ ਦ੍ਰਿਸ਼ਟੀਕੋਣ ਯਕੀਨੀ ਬਣਾਉਂਦਾ ਹੈ ਕਿ ਭਾਰਤ ਦਾ ਵਿਕਾਸ ਸਮਾਵੇਸ਼ੀ ਹੋਣ ਦੇ ਨਾਲ-ਨਾਲ ਟਿਕਾਊ ਵੀ ਹੋਵੇ।

ਭਾਰਤੀ ਰਿਜ਼ਰਵ ਬੈਂਕ ਅਤੇ ਰਾਸ਼ਟਰੀ ਜਨਤਕ ਵਿੱਤ ਅਤੇ ਨੀਤੀ ਸੰਸਥਾਨ **(NIP- FP)** ਦੇ ਅਧਿਐਨਾਂ ਦਾ ਹਵਾਲਾ ਦਿੰਦੇ ਹੋਏ ਕੇਸ ਸਟਡੀ ਵਿੱਚ ਕਿਹਾ ਗਿਆ ਹੈ ਕਿ ਇਨਫ੍ਰਾਸਟ੍ਰਕਚਰ 'ਤੇ ਖਰਚ ਕੀਤੇ ਗਏ ਹਰੇਕ ਇੱਕ ਰੁਪਏ ਦੇ ਬਦਲੇ ਵਿੱਚ ਦੇਸ਼ ਨੂੰ ਕੁੱਲ ਘਰੇਲੂ ਉਤਪਾਦ **(GDP)** ਵਿੱਚ ਲਗਭਗ 2.5 ਤੋਂ 3.5 ਰੁਪਏ ਦਾ ਲਾਭ ਮਿਲਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੰਚਾਲਿਤ ਇਹ ਇਨਫ੍ਰਾਸਟ੍ਰਕਚਰ ਕ੍ਰਾਂਤੀ 'ਵਿਕਸਿਤ ਭਾਰਤ 2047' ਪਹਿਲਕਦਮੀ ਦਾ ਮਹੱਤਵਪੂਰਨ ਥੰਮ੍ਹ ਹੈ। ਇੱਕ ਖਾਹਿਸ਼ੀ ਰੋਡਮੈਪ, ਜਿਸ ਦਾ ਉਦੇਸ਼ ਭਾਰਤ ਨੂੰ ਉਸ ਦੀ ਆਜ਼ਾਦੀ ਦੀ 100ਵੀਂ ਵਰ੍ਹੇਗੰਢ ਤੱਕ ਇੱਕ 'ਵਿਕਸਿਤ ਰਾਸ਼ਟਰ' ਬਣਾਉਣਾ ਹੈ। ਇਸ ਪਹਿਲ ਵਿੱਚ ਇਨਫ੍ਰਾਸਟ੍ਰਕਚਰ ਵਿਕਾਸ, ਆਰਥਿਕ ਵਾਧਾ, ਸਮਾਜਿਕ ਪ੍ਰਗਤੀ, ਤਕਨੀਕੀ ਉੱਨਤੀ ਅਤੇ ਟਿਕਾਊ ਵਿਕਾਸ ਸਮੇਤ ਰਾਸ਼ਟਰੀ ਵਿਕਾਸ ਦੇ ਵਿਆਪਕ ਟੀਚੇ ਸ਼ਾਮਲ ਹਨ। ਇਸ ਦੇ ਤਹਿਤ 2047 ਤੱਕ 30 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਦਾ ਟੀਚਾ ਹੈ। 100 ਪ੍ਰਤੀਸ਼ਤ ਸਾਖਰਤਾ ਅਤੇ ਸਿਹਤ ਸੇਵਾਵਾਂ ਦੀ ਵਿਸ਼ਵਵਿਆਪੀ ਉਪਲਬਧਤਾ ਯਕੀਨੀ ਬਣਾਉਣ ਅਤੇ ਭਾਰਤ ਨੂੰ ਖੋਜ ਅਤੇ ਨਵੀਨਤਾ ਦਾ ਆਲਮੀ ਕੇਂਦਰ ਬਣਾਉਣ ਵਰਗੇ ਪ੍ਰਮੁੱਖ ਉਦੇਸ਼ ਨਿਰਧਾਰਿਤ ਕੀਤੇ ਗਏ ਹਨ।

ਬੈਠਕਾਂ ਵਿੱਚ ਇਹ ਨਿਰਧਾਰਿਤ ਹੁੰਦਾ ਹੈ ਕਿ ਸਾਰੇ ਹਿਤਧਾਰਕਾਂ ਦੇ ਨਾਲ ਸਿੱਧਾ ਸੰਵਾਦ ਕਰਕੇ ਦਹਾਕਿਆਂ ਤੋਂ ਅਟਕੇ ਹੋਏ ਪ੍ਰੋਜੈਕਟਾਂ ਦਾ ਹੱਲ ਕੱਢਿਆ ਜਾ ਸਕੇ। ਵਰ੍ਹਿਆਂ ਤੋਂ ਅਟਕੀਆਂ ਅਤੇ ਲਟਕੀਆਂ ਹੋਈਆਂ ਯੋਜਨਾਵਾਂ ਨੂੰ ਗਤੀ ਮਿਲਣ ਨਾਲ ਰਾਸ਼ਟਰ ਦੇ ਵਿਕਾਸ ਨੂੰ ਗਤੀ ਮਿਲਦੀ ਹੈ। ਅੱਜ ਛੋਟੇ ਉਦਯੋਗਾਂ ਨੂੰ, ਖਾਸ ਕਰਕੇ ਐੱਮਐੱਸਐੱਮਈ ਨੂੰ ਇੱਕ ਸਵੈ-ਭਰੋਸਾ ਮਿਲਿਆ ਹੈ ਕਿ ਉਹ ਦੁਨੀਆ ਦੇ ਵੱਡੇ ਬਜ਼ਾਰਾਂ ਨਾਲ ਮੁਕਾਬਲਾ ਕਰ ਸਕਣ। ਅੱਜ ਉਨ੍ਹਾਂ ਦੇ ਕੋਲ ਵੱਡੇ ਦੇਸ਼ਾਂ ਵਰਗਾ ਇਨਫ੍ਰਾਸਟ੍ਰਕਚਰ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਕਨੀਕ ਨਾਲ ਜੁੜਾਅ ਅਤੇ ਉਸ ਨੂੰ ਸੁਸ਼ਾਸਨ ਦਾ ਮਹੱਤਵਪੂਰਨ ਜ਼ਰੀਆ ਬਣਾਉਣ ਦੀ ਕਲਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਆਉਂਦੀ ਹੈ। ਜ਼ਮੀਨੀ ਪੱਧਰ 'ਤੇ ਉਨ੍ਹਾਂ ਦਾ ਲੋਕਾਂ ਦੇ ਨਾਲ ਇੱਕ ਮਜ਼ਬੂਤ ਨਿਜੀ ਜੁੜਾਅ ਤਾਂ ਹੈ ਹੀ, ਨਾਲ ਹੀ ਸੋਸ਼ਲ ਮੀਡੀਆ 'ਤੇ ਵੀ ਉਨ੍ਹਾਂ ਦੀ ਮਜ਼ਬੂਤ ਮੌਜੂਦਗੀ ਹੈ। ਉਨ੍ਹਾਂ ਨੂੰ ਭਾਰਤ ਦੇ ਸਭ ਤੋਂ ਵੱਧ 'ਟੈਕ-ਸੇਵੀ' ਨੇਤਾ ਦੇ ਰੂਪ ਵਿੱਚ ਵੀ ਜਾਣਿਆ ਜਾਂਦਾ ਹੈ। ਉਹ ਲੋਕਾਂ ਤੱਕ ਪਹੁੰਚਣ ਅਤੇ ਉਨ੍ਹਾਂ ਦੇ ਜੀਵਨ ਵਿੱਚ ਬਦਲਾਅ ਲਿਆਉਣ ਦੇ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਤਕਨੀਕ ਦੇ ਸੁਮੇਲ ਨਾਲ ਉਨ੍ਹਾਂ ਨੇ 'ਪ੍ਰਗਤੀ' ਦਾ ਅਜਿਹਾ ਫੋਰਮ ਬਣਾਇਆ ਹੈ ਜਿਸ ਨਾਲ ਲੰਬੇ ਸਮੇਂ ਤੋਂ ਅਟਕੇ ਪ੍ਰੋਜਕੈਟਾਂ ਨੂੰ ਨਵੀਂ ਦਿਸ਼ਾ ਮਿਲ ਰਹੀ ਹੈ।

ਆਕਸਫੋਰਡ ਦੇ ਅਧਿਐਨ ਨੇ ਮੰਨਿਆ – ਗੇਮਚੇਂਜਰ

ਦਸੰਬਰ 2024 ਵਿੱਚ ਆਕਸਫੋਰਡ ਦੇ ਇੱਕ ਅਧਿਐਨ ਨੇ ਭਾਰਤ ਦੇ ਪ੍ਰਮੁੱਖ ਪ੍ਰੋਜੈਕਟਾਂ ਨੂੰ ਗਤੀ ਦੇਣ ਵਿੱਚ 'ਪ੍ਰਗਤੀ' ਦੀ ਭੂਮਿਕਾ ਨੂੰ ਰੇਖਾਂਕਿਤ ਕੀਤਾ ਹੈ। ਗੇਟਸ ਫਾਉਂਡੇਸ਼ਨ ਵੱਲ ਸਮਰਥਿਤ ਆਕਸਫੋਰਡ ਦੇ ਸੈਦ ਬਿਜ਼ਨਸ ਸਕੂਲ ਦੁਆਰਾ ਇੱਕ ਬੇਮਿਸਾਲ ਕੇਸ ਸਟਡੀ ਕੀਤੀ ਗਈ। ਇਸ ਦਾ ਸਿਰਲੇਖ **'From Gridlock to Growth: How Leadership Enables India's PRAGATI Ecosystem to Power Progress'** ਹੈ। 'ਪ੍ਰਗਤੀ' ਨੂੰ ਭਾਰਤ ਦੇ ਡਿਜੀਟਲ ਗਵਰਨੈਂਸ ਲੈਂਡਸਕੇਪ ਵਿੱਚ ਇੱਕ ਗੇਮ- ਚੇਂਜਰ ਦੇ ਰੂਪ ਵਿੱਚ ਉਜਾਗਰ ਕੀਤਾ ਹੈ। ਅੱਜ 'ਪ੍ਰਗਤੀ' ਪਲੈਟਫਾਰਮ ਤਕਨਾਲੋਜੀ ਅਤੇ ਸ਼ਾਸਨ ਦਾ ਇੱਕ ਅਦੁੱਤੀ ਸੁਮੇਲ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਰੁਕਾਵਟਾਂ ਦੂਰ ਹੋਣ ਅਤੇ ਪ੍ਰੋਜੈਕਟ ਸਮੇਂ ਸਿਰ ਪੂਰੇ ਹੋਣ।

ਨਵੀਆਂ ਪਰੰਪਰਾਵਾਂ ਦੇ ਉਦੈ ਨਾਲ ਮਿਲੀ ਗਤੀ

ਅੰਮ੍ਰਿਤ ਮਹੋਤਸਵ, ਵਰ੍ਹੇ 2047 ਤੱਕ ਭਾਰਤ ਨੂੰ ਵਿਕਸਿਤ ਬਣਾਉਣ ਦਾ ਸੰਕਲਪ ਇੱਕ ਨਵੇਂ ਭਾਰਤ ਦੀ ਨੀਂਹ ਦੀ ਸ਼ੁਰੂਆਤ ਸੀ। 25 ਵਰ੍ਹਿਆਂ ਦੀ ਅੰਮ੍ਰਿਤ ਕਾਲ ਦੀ ਯਾਤਰਾ ਦੀ ਸ਼ੁਰੂਆਤ ਹੋਵੇ ਜਾਂ ਲਾਲ ਕਿਲ੍ਹੇ ਤੋਂ ਸਵੱਛਤਾ ਅਤੇ ਸੈਨੇਟਰੀ ਪੈਡ ਦਾ ਜ਼ਿਕਰ ਕਰਕੇ ਜਾਗਰੂਕਤਾ ਅੰਦੋਲਨ ਬਣਾਉਣਾ।

ਪ੍ਰਧਾਨ ਮੰਤਰੀ ਨੇ 'ਪ੍ਰਗਤੀ' ਪਲੈਟਫਾਰਮ 'ਤੇ ਇਨ੍ਹਾਂ ਸੈਕਟਰਾਂ ਦੇ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ



"21ਵੀਂ ਸਦੀ ਦਾ ਭਾਰਤ ... ਵੱਡੇ ਫੈਸਲੇ ਲੈਂਦਾ ਹੈ। ਤੇਜ਼ੀ ਨਾਲ ਫੈਸਲੇ ਲੈਂਦਾ ਹੈ। ਵੱਡੇ ਟੀਚੇ ਦੇ ਨਾਲ ਅੱਗੇ ਵਧਦਾ ਹੈ। ਇੱਕ ਤੈਅ ਟਾਈਮਲਾਈਨ 'ਤੇ ਰਿਜ਼ਲਟ ਲਿਆ ਕੇ ਹੀ ਦਮ ਲੈਂਦਾ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਆਮ ਬਜਟ ਨੂੰ ਨਵੀਂ ਦਿਸ਼ਾ ਦੇਣੀ ਹੋਵੇ ਜਾਂ 'ਪ੍ਰਗਤੀ' ਜਿਹੇ ਫੋਰਮ ਨਾਲ ਦਹਾਕਿਆਂ ਤੱਕ ਪੈਂਡਿੰਗ ਹੋਣ ਵਾਲੇ ਪ੍ਰੋਜੈਕਟਾਂ ਨੂੰ ਗਤੀ ਦੇਣਾ। ਯੁਵਾ-ਵਿਦਿਆਰਥੀ- ਖਿਡਾਰੀ ਅਤੇ ਲਾਭਪਾਤਰੀਆਂ ਨਾਲ ਸਿੱਧਾ ਸੰਵਾਦ, ਈਜ਼ ਆਫ ਡੂਇੰਗ ਬਿਜ਼ਨਸ ਨਾਲ ਈਜ਼ ਆਫ ਲਿਵਿੰਗ ਦੀ ਗੱਲ ਹੋਵੇ ਜਾਂ ਉਮੀਦ ਕੀਤੇ ਗਏ ਮਹਾਪੁਰਖਾਂ ਨੂੰ ਉਚਿਤ ਸਨਮਾਨ ਦਿਵਾਉਣਾ। ਪ੍ਰਸ਼ਾਸਨਿਕ ਪ੍ਰਣਾਲੀ ਨੂੰ ਚੁਸਤ- ਦਰੁਸਤ ਕਰਕੇ ਅੰਤਿਮ ਸਿਰ੍ਹੇ ਤੱਕ ਸਮਾਂਬੱਧ ਡਿਲੀਵਰੀ ਨੂੰ ਯਕੀਨੀ ਬਣਾਉਣਾ ਹੋਵੇ ਜਾਂ ਪ੍ਰਸ਼ਾਸਨਿਕ ਸੁਧਾਰ ਦੇ ਲਈ ਮਿਸ਼ਨ ਕਰਮਯੋਗੀ ਅਤੇ ਮੰਤਰਾਲਿਆਂ- ਵਿਭਾਗਾਂ ਦੇ ਦਰਮਿਆਨ ਤਾਲਮੇਲ ਦੀ ਪਹਿਲ। ਦਹਾਕਿਆਂ ਦੇ ਫਾਸਲੇ ਨੂੰ ਖਤਮ ਕਰਦੇ ਹੋਏ ਇੱਕ ਦੇਸ਼- ਇੱਕ ਟੈਕਸ (ਜੀਐੱਸਟੀ) ਦੇ ਰੂਪ ਵਿੱਚ ਅਰਥ ਕ੍ਰਾਂਤੀ ਜਾਂ ਜੰਮੂ- ਕਸ਼ਮੀਰ ਤੋਂ ਧਾਰਾ 370 ਨੂੰ ਰੱਦ ਕਰਨਾ। ਕਦੇ ਅਸੰਭਵ ਜਾਂ ਛੋਟਾ ਮੰਨ ਕੇ ਨੀਅਤੀ ਦੇ ਭਰੋਸੇ 'ਤੇ ਛੱਡ ਦਿੱਤੀਆਂ ਗਈਆਂ ਉਮੀਦਾਂ ਹੁਣ ਸਾਕਾਰ ਹੋ ਰਹੀਆਂ ਹਨ। ਲੀਕ ਤੋਂ ਹਟ ਕੇ ਸ਼ੁਰੂ ਕੀਤੀ ਗਈ ਪਹਿਲ ਨਵੇਂ ਭਾਰਤ ਵਿੱਚ ਤਬਦੀਲੀ ਦੀ ਪਟਕਥਾ ਤਿਆਰ ਕਰ ਰਹੀ ਹੈ ਤਾਂ ਜੋ 2047 ਵਿੱਚ ਦੇਸ਼ ਜਦੋਂ ਆਪਣੀ ਆਜ਼ਾਦੀ ਦੀ ਸ਼ਤਾਬਦੀ ਵਰ੍ਹੇਗੰਢ ਮਨਾਏ, ਤਾਂ ਇਨ੍ਹਾਂ ਹੀ ਸੰਕਲਪਾਂ ਦੀ ਸਿੱਧੀ ਉਸ ਨੂੰ ਦੁਨੀਆ ਦੇ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਸ਼ਾਮਲ ਕਰਵਾ ਸਕੇ।

ਨਿਸ਼ਚਿਤ ਤੌਰ 'ਤੇ ਵਿਕਸਿਤ ਭਾਰਤ @ 2047 ਨਾ ਸਿਰਫ ਇੱਕ ਰਾਸ਼ਟਰ ਸੰਕਲਪ ਹੈ ਸਗੋਂ ਇੱਕ ਸਮਾਂਬੱਧ ਟੀਚਾ ਵੀ ਹੈ ਅਤੇ ਰਾਸ਼ਟਰੀ ਹਿਤ ਵਿੱਚ 'ਪ੍ਰਗਤੀ' ਇਸ ਨੂੰ ਹਾਸਲ ਕਰਨ ਦੇ ਲਈ ਇੱਕ ਮਜ਼ਬੂਤ ਆਧਾਰ ਥੰਮ੍ਹ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ। 'ਪ੍ਰਗਤੀ' ਦੀ ਬੈਠਕ ਅੱਜ ਦੇਸ਼ ਦੇ ਲੋਕਾਂ ਨੂੰ ਇੱਕ ਅਧਿਕਾਰ ਦੇਣ ਦਾ ਜ਼ਰੀਆ ਬਣੀ ਹੈ। ਇਹ ਅਧਿਕਾਰ ਕਾਨੂੰਨ ਵਿੱਚ ਨਹੀਂ ਲਿਖਿਆ ਹੈ ਲੇਕਿਨ ਸਰਕਾਰੀ ਯੋਜਨਾਵਾਂ ਸਮੇਂ ਸਿਰ ਪੂਰੀਆਂ ਹੋਣ ਇਹ ਨਾਗਰਿਕਾਂ ਦਾ ਅਧਿਕਾਰ ਹੈ। ਪਹਿਲਾਂ ਤਿੰਨ- ਤਿੰਨ, ਚਾਰ-ਚਾਰ ਦਹਾਕਿਆਂ ਤੋਂ ਕਈ ਯੋਜਨਾਵਾਂ ਅਟਕੀਆਂ ਹੋਈਆਂ ਸਨ। ਇਨ੍ਹਾਂ ਨੂੰ ਪੂਰਾ ਕਰਨ ਦਾ ਬੀੜਾ ਮੌਜੂਦਾ ਕੇਂਦਰ ਸਰਕਾਰ ਨੇ ਚੁੱਕਿਆ। 'ਪ੍ਰਗਤੀ' ਮੰਚ ਦੇ ਕਾਰਨ ਪਾਰਦਰਸ਼ਿਤਾ ਵਧੀ ਹੈ ਅਤੇ ਕਾਰਜ ਸੱਭਿਆਚਾਰ ਵਿੱਚ ਤਬਦੀਲੀ ਆਈ ਹੈ। ਤੈਅ ਸਮੇਂ ਅਤੇ ਤੈਅ ਟੀਚੇ 'ਤੇ ਪੂਰੀਆਂ ਹੋ ਰਹੀਆਂ ਯੋਜਨਾਵਾਂ, ਨੈਕਸਟ ਜੈਨਰੇਸ਼ਨ ਇਨਫ੍ਰਾਸਟ੍ਰਕਚਰ ਬਣਾਉਣ ਵਿੱਚ ਆਈ ਸਪੀਡ ਅਤੇ ਉਨ੍ਹਾਂ ਦਾ ਸਕੇਲ, ਇਹ ਤਦ ਹੀ ਸੰਭਵ ਹੋਇਆ ਹੈ, ਜਦੋਂ ਜ਼ਮੀਨੀ ਪੱਧਰ 'ਤੇ ਜਾ ਕੇ ਪ੍ਰਕਿਰਿਆਵਾਂ ਨੂੰ ਸੁਧਾਰਿਆ ਗਿਆ ਹੈ ਅਤੇ ਪਾਰਦਰਸ਼ਿਤਾ ਨੂੰ ਯਕੀਨੀ ਬਣਾਇਆ ਗਿਆ ਹੈ। ਇਨ੍ਹਾਂ ਵਿਸ਼ਾਲ ਯਤਨਾਂ ਦੇ ਪਿੱਛੇ 21ਵੀਂ ਸਦੀ ਦੇ ਨੌਜਵਾਨ ਭਾਰਤ ਦੀਆਂ ਅਣਗਿਣਤ ਖਾਹਿਸ਼ਾਂ ਹਨ। ਉਹ ਖਾਹਿਸ਼ਾਂ ਜੋ ਬੁਨਿਆਦੀ ਸੁਵਿਧਾ ਅਤੇ ਸੁਰੱਖਿਆ ਦੀ ਘਾਟ ਵਿੱਚ ਪੂਰੀਆਂ ਹੋਣੀਆਂ ਮੁਸ਼ਕਲ ਹਨ। 'ਪ੍ਰਗਤੀ' ਜਿਹੇ ਪ੍ਰਭਾਵਸ਼ਾਲੀ ਮੰਚ ਤੋਂ ਨਵਾਂ ਭਾਰਤ ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰ ਰਿਹਾ ਹੈ, ਨੌਜਵਾਨ ਸੁਪਨਿਆਂ ਨੂੰ ਸਮਰੱਥਾ ਦੇ ਰਿਹਾ ਹੈ ਅਤੇ ਸੰਕਲਪ ਨੂੰ ਸਿੱਧ ਕਰਨ ਦੀ ਦ੍ਰਿੜ੍ਹ ਇੱਛਾਸ਼ਕਤੀ ਨਾਲ ਲੈਸ ਹੈ ਜੋ ਕਿ 2047 ਤੱਕ ਭਾਰਤ ਨੂੰ ਵਿਕਸਿਤ ਭਾਰਤ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰੇਗਾ ਅਤੇ 140 ਕਰੋੜ ਨਾਗਰਿਕਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਪੂਰਾ ਕਰੇਗਾ।

ਆਓ ਅੱਗੇ ਜਾਣਦੇ ਹਾਂ 'ਪ੍ਰਗਤੀ' ਦੀ ਕਸੌਟੀ 'ਤੇ ਕਸੇ ਗਏ ਕੁਝ ਪ੍ਰੋਜੈਕਟਾਂ ਦੇ ਬਾਰੇ ਜਿਸ ਨੇ ਵਿਕਸਿਤ ਭਾਰਤ ਦਾ ਨੀਂਹ ਪੱਥਰ ਰੱਖ ਦਿੱਤਾ ਹੈ।

ਪ੍ਰੋਜੈਕਟ

ਬ੍ਰਹਮਪੁੱਤਰ ਨਦੀ 'ਤੇ ਬੋਗੀਬੀਲ ਰੇਲ ਸਹਿ ਸੜਕ ਪੁਲ

ਪ੍ਰੋਜੈਕਟ ਦੀ ਮਨਜ਼ੂਰੀ
ਮਾਰਚ 1997

'ਪ੍ਰਗਤੀ' ਪਲੈਟਫਾਰਮ ਸਮੀਖਿਆ
27 ਮਈ 2015

ਲਾਗਤ
5,920
ਕਰੋੜ ਰੁਪਏ

ਉਦਘਾਟਨ
ਪ੍ਰਧਾਨ ਮੰਤਰੀ ਨਰੇਂਦਰ ਮੋਦੀ
25 ਦਸੰਬਰ 2018

ਇਤਿ

ਅਸਾਮ ਦੇ ਡਿਬਰੂਗੜ੍ਹ ਅਤੇ ਧੇਮਾਜੀ ਜ਼ਿਲ੍ਹਿਆਂ ਦਰਮਿਆਨ ਬ੍ਰਹਮਪੁੱਤਰ ਨਦੀ 'ਤੇ ਬਣਿਆ ਇਹ ਪੁਲ ਰਾਸ਼ਟਰ ਦੇ ਲਈ ਆਰਥਿਕ ਅਤੇ ਰਣਨੀਤਿਕ ਤੌਰ 'ਤੇ ਮਹੱਤਵਪੂਰਨ ਹੈ।

> ਇਹ ਸਿਰਫ਼ ਇੱਕ ਪੁਲ ਨਹੀਂ ਹੈ, ਸਗੋਂ ਇਸ ਖੇਤਰ ਦੇ ਲੱਖਾਂ ਲੋਕਾਂ ਦੇ ਜੀਵਨ ਨੂੰ ਜੋੜਣ ਵਾਲੀ ਲਾਈਫ ਲਾਈਨ ਹੈ। ਇਸ ਨਾਲ ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਦੇ ਵਿੱਚ ਦੀ ਦੂਰੀ ਸਿਮਟ ਗਈ ਹੈ ਅਤੇ ਲੋਕਾਂ ਨੂੰ ਕਈ ਪਰੇਸ਼ਾਨੀਆਂ ਤੋਂ ਵੀ ਮੁਕਤੀ ਮਿਲੀ ਹੈ।
>
> - ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਬੋਗੀਬੀਲ ਪੁਲ

ਅਸਾਮ-ਅਰੁਣਾਚਲ ਦੀ ਨਵੀਂ ਲਾਈਫ ਲਾਈਨ

ਅਸਾਮ ਵਿੱਚ ਬੋਗੀਬੀਲ ਪੁਲ ਪ੍ਰੋਜੈਕਟ ਨੂੰ 1997 ਵਿੱਚ ਪ੍ਰਵਾਨਗੀ ਮਿਲੀ ਅਤੇ 2 ਦਹਾਕਿਆਂ ਦੀ ਦੇਰੀ ਦੇ ਬਾਅਦ ਵਰ੍ਹੇ 2018 ਵਿੱਚ ਪੂਰਾ ਹੋਇਆ।

- ਇਹ ਦੇਸ਼ ਦਾ ਪਹਿਲਾ ਪੂਰੀ ਤਰ੍ਹਾਂ ਨਾਲ ਸਟੀਲ ਨਾਲ ਬਣਿਆ ਪੁਲ ਹੈ। ਪਾਣੀ ਤੋਂ 30 ਮੀਟਰ ਤੋਂ ਵੀ ਵੱਧ ਦੀ ਉਚਾਈ 'ਤੇ ਬਣਿਆ ਇਹ ਪੁਲ ਇੰਜੀਨੀਅਰਿੰਗ ਅਤੇ ਤਕਨੀਕੀ ਸਮਰੱਥਾ ਦੀ ਵੀ ਮਿਸਾਲ ਹੈ।
- 4.94 ਕਿਲੋਮੀਟਰ ਲੰਬੇ ਬੋਗੀਬੀਲ ਪੁਲ ਦੇ ਰਸਤੇ ਧੇਮਾਜੀ ਤੋਂ ਡਿਬਰੂਗੜ੍ਹ ਦੀ ਦੂਰੀ ਸਿਰਫ਼ 100 ਕਿਲੋਮੀਟਰ ਰਹਿ ਗਈ ਹੈ। ਪਹਿਲਾਂ ਇਹ 500 ਕਿਲੋਮੀਟਰ ਸੀ ਜਿਸ ਨੂੰ ਪੂਰਾ ਕਰਨ ਵਿੱਚ 24 ਘੰਟੇ ਲਗਦੇ ਸਨ।
- ਇਹ ਦੇਸ਼ ਦਾ ਸਭ ਤੋਂ ਲੰਬਾ ਰੇਲ ਸਹਿ ਸੜਕ ਪੁਲ ਹੈ ਜਿਸ ਵਿੱਚ ਉੱਪਰ ਸੜਕ ਅਤੇ ਹੇਠਾਂ ਰੇਲ ਮਾਰਗ ਹੈ। ਬੋਗੀਬੀਲ ਪੁਲ ਬਣਾਉਣ ਦੀ ਮੰਗ 1965 ਤੋਂ ਕੀਤੀ ਜਾ ਰਹੀ ਸੀ। 30 ਲੱਖ ਬੋਰੀ ਸੀਮੇਂਟ ਦੇ ਨਾਲ ਇਸ ਵਿੱਚ 125 ਮੀਟਰ ਦੇ 39 ਗਾਰਡਰ ਲੱਗੇ ਹੋਏ ਹਨ।



ਪ੍ਰੋਜੈਕਟ

ਸਰਯੂ ਨਹਿਰ ਰਾਸ਼ਟਰੀ ਪ੍ਰੋਜੈਕਟ 4 ਦਹਾਕਿਆਂ ਬਾਅਦ ਹੋਇਆ ਤਿਆਰ

ਪ੍ਰੋਜੈਕਟ ਦੀ ਮਨਜ਼ੂਰੀ
ਵਰ੍ਹਾ 1978

ਪ੍ਰੋਜੈਕਟ ਦੀ ਲੰਬਾਈ
318 ਕਿਲੋਮੀਟਰ ਅਤੇ ਲਿੰਕੇਜ 6,590 ਕਿਲੋਮੀਟਰ

ਸਿੰਚਾਈ ਟੀਚਾ
14 ਲੱਖ ਹੈਕਟੇਅਰ ਭੂਮੀ

ਉਦਘਾਟਨ
ਪ੍ਰਧਾਨ ਮੰਤਰੀ ਨਰੇਂਦਰ ਮੋਦੀ
11 ਦਸੰਬਰ 2021

ਰੁਕਾਵਟ
ਅੰਤਰ-ਵਿਭਾਗੀ ਤਾਲਮੇਲ ਦੀ ਘਾਟ, ਸਹੀ ਨਿਗਰਾਨੀ ਨਾ ਹੋਣ ਕਾਰਨ ਪ੍ਰੋਜੈਕਟ ਟਲਦਾ ਗਿਆ।

> “ ਜੇਕਰ ਇਹ ਸਰਕਾਰੀ ਪੈਸਾ ਹੈ, ਤਾਂ ਮੈਨੂੰ ਕੀ ਪਰਵਾਹ? ਇਹੀ ਸੋਚ ਦੇਸ਼ ਦੇ ਸੰਤੁਲਿਤ ਅਤੇ ਸਰਵਪੱਖੀ ਵਿਕਾਸ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਗਈ ਸੀ। ਇਸੇ ਸੋਚ ਦੇ ਕਾਰਨ ਸਰਯੂ ਨਹਿਰ ਪ੍ਰੋਜੈਕਟ ਵੀ ਅੱਧ ਵਿੱਚ ਲਟਕਿਆ ਰਿਹਾ। ਅਸੀਂ ਸਰਯੂ ਨਹਿਰ ਪ੍ਰੋਜੈਕਟ ਵਿੱਚ 5 ਦਹਾਕੇ ਵਿੱਚ ਜਿੰਨਾ ਕੰਮ ਹੋਇਆ ਸੀ, ਉਸ ਤੋਂ ਵੱਧ ਕੰਮ 5 ਵਰ੍ਹਿਆਂ ਵਿੱਚ ਕੀਤਾ ਹੈ। ਸਾਡੀ ਪ੍ਰਾਥਮਿਕਤਾ ਪ੍ਰੋਜੈਕਟ ਨੂੰ ਸਮੇਂ ‘ਤੇ ਪੂਰਾ ਕਰਨਾ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

- ਪ੍ਰੋਜੈਕਟ ਦੀ ਸ਼ੁਰੂਆਤ ਦੇ ਬਾਅਦ ਤੋਂ 6 ਵਾਰ ਲਾਗਤ ਵਿੱਚ ਸੋਧ ਕੀਤੀ ਗਈ। ਕੰਮ ਵਿੱਚ ਦੇਰੀ ਦੀ ਵਜ੍ਹਾ ਨਾਲ ਨਿਰਮਾਣ ਸਮੱਗਰੀ, ਕਿਰਤ ਅਤੇ ਜ਼ਮੀਨ ਪ੍ਰਾਪਤੀ ਦੀ ਲਾਗਤ ਵਿੱਚ ਵਾਧਾ ਹੋਇਆ।
- ਪ੍ਰੋਜੈਕਟ ਨੂੰ ਪੂਰਾ ਕਰਨ ਦਾ ਟੀਚਾ 1982 ਵਿੱਚ ਸਾਲ 1988-89 ਰੱਖਿਆ ਗਿਆ।
- 2014 ਵਿੱਚ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਨੇ ਕੰਮ ਸ਼ੁਰੂ ਕੀਤਾ ਤਦ ਉਨ੍ਹਾਂ ਦੀ ਸਮੀਖਿਆ ਵਿੱਚ ਇਹ ਗੱਲ ਸਾਹਮਣੇ ਆਈ ਕਿ ਦੇਸ਼ ਦੇ 99 ਵੱਡੇ ਸਿੰਚਾਈ ਪ੍ਰੋਜੈਕਟਸ ਦਹਾਕਿਆਂ ਤੋਂ ਵਾਂਝੇ ਪਏ ਸਨ। ਉਸੇ ਵਿੱਚ ਸਰਯੂ ਨਹਿਰ ਰਾਸ਼ਟਰੀ ਪ੍ਰੋਜੈਕਟ ਵੀ ਸੀ।
- ਪ੍ਰਗਤੀ ਪਲੈਟਫਾਰਮ ‘ਤੇ ਦਹਾਕਿਆਂ ਤੋਂ ਲੰਬਿਤ ਪ੍ਰੋਜੈਕਟਾਂ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਵਿੱਚ ਸਮੀਖਿਆ ਦੇ ਬਾਅਦ ਸਰਯੂ ਨਹਿਰ ਪ੍ਰੋਜੈਕਟ ਵਿੱਚ ਆ ਰਹੀਆਂ ਰੁਕਾਵਟਾਂ ਦਾ ਸਮੇਂ-ਸਿਰ ਹੱਲ ਕੀਤਾ ਗਿਆ।
- ਸਰਯੂ ਨਹਿਰ ਰਾਸ਼ਟਰੀ ਪ੍ਰੋਜੈਕਟ ਦਾ 11 ਦਸੰਬਰ, 2021 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰ ਪ੍ਰਦੇਸ਼ ਦੇ ਬਲਰਾਮਪੁਰ ਤੋਂ ਉਦਘਾਟਨ ਕੀਤਾ।
- ਪ੍ਰੋਜੈਕਟ ਦਾ ਲਾਭ ਪੂਰਬੀ ਉੱਤਰ ਪ੍ਰਦੇਸ਼ ਦੇ ਨੌ ਜ਼ਿਲ੍ਹਿਆਂ- ਬਹਿਰਾਇਚ, ਸ਼੍ਰਾਵਸਤੀ, ਬਲਰਾਮਪੁਰ, ਗੋਂਡਾ, ਸਿੱਧਾਰਥਨਗਰ, ਬਸਤੀ, ਸੰਤ ਕਬੀਰ ਨਗਰ, ਗੋਰਖਪੁਰ ਅਤੇ ਮਹਾਰਾਜਗੰਜ ਦੇ 29 ਲੱਖ ਤੋਂ ਵੱਧ ਕਿਸਾਨਾਂ ਨੂੰ ਮਿਲ ਰਿਹਾ ਹੈ।
- ਪ੍ਰੋਜੈਕਟ ਦੀ ਸ਼ੁਰੂਆਤ 100 ਕਰੋੜ ਰੁਪਏ ਤੋਂ ਵੀ ਘੱਟ ਲਾਗਤ ਨਾਲ ਕੀਤੀ ਗਈ ਸੀ। ਪ੍ਰੋਜੈਕਟ ਪੂਰਾ ਹੋਣ ਤੱਕ ਇਸ ਦੀ ਲਾਗਤ ਵਧ ਕੇ 10 ਹਜ਼ਾਰ ਕਰੋੜ ਰੁਪਏ ਤੋਂ ਵੀ ਵੱਧ ਹੋ ਗਈ।

ਪ੍ਰੋਜੈਕਟ

ਪਟਨਾ: ਗੰਗਾ ਰੇਲ-ਸਹਿ-ਰੋਡ ਪੁਲ

ਪ੍ਰੋਜੈਕਟ ਮਨਜ਼ੂਰੀ
5 ਨਵੰਬਰ 2001

ਪ੍ਰਗਤੀ ਦੀ ਮਿਤੀ
25 ਮਾਰਚ 2015

ਪ੍ਰੋਜੈਕਟ ਦੀ ਲਾਗਤ
3,774 ਕਰੋੜ ਰੁਪਏ

ਪ੍ਰੋਜੈਕਟ ਮੁਕੰਮਲ
3 ਮਾਰਚ, 2022

ਰੁਕਾਵਟ

ਜ਼ਮੀਨ ਪ੍ਰਾਪਤੀ, ਮੁਆਵਜ਼ਾ ਅਤੇ ਪੁਨਰਵਾਸ ਅਤੇ ਪ੍ਰੋਜੈਕਟ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰਨਾ

ਪ੍ਰਧਾਨ ਮੰਤਰੀ ਦੇ ਨਿਰਦੇਸ਼

- ਪ੍ਰੋਜੈਕਟ ਵਿੱਚ ਦੇਰੀ ਨਾਲ ਲਾਗਤ 5 ਗੁਣਾ ਵਧ ਗਈ। ਰੇਲਵੇ ਲਾਈਨ ਦੇ ਦੋਵੇਂ ਤਰਫ਼ ਅਪ੍ਰੋਚ ਦੇ ਲਈ ਜ਼ਰੂਰੀ ਜ਼ਮੀਨ ਰੇਲਵੇ ਨੂੰ ਸੌਂਪੀ ਜਾਵੇ। ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਜਲਦੀ ਦਿੱਤਾ ਜਾਵੇ। ਉਨ੍ਹਾਂ ਦੇ ਪੁਨਰਵਾਸ ਦੀ ਪ੍ਰਕਿਰਿਆ ਤੇਜ਼ੀ ਨਾਲ ਪੂਰੀ ਕੀਤੀ ਜਾਵੇ।
- ਨਿਰਦੇਸ਼ ਤੋਂ ਬਾਅਦ ਮਈ 2015 ਤੱਕ ਉੱਤਰ ਅਤੇ ਦੱਖਣ ਦੋਵੇਂ ਰੇਲ ਅਪ੍ਰੋਚ ਨਾਲ ਜੁੜੀਆਂ ਰਾਈਟ ਆਫ ਵੇਅ ਦੀਆਂ ਸਾਰੀਆਂ ਸਮੱਸਿਆਵਾਂ ਦੂਰ ਹੋ ਗਈਆਂ।

ਪ੍ਰੋਜੈਕਟ ਦੇ ਲਾਭ

- ਪਟਨਾ-ਗੰਗਾ ਰੇਲ-ਸਹਿ-ਸੜਕ ਪੁਲ (ਨਵੀਂ ਲਾਈਨ) ਨੂੰ ਜੇਪੀ ਪੁਲ ਵੀ ਕਿਹਾ ਜਾਂਦਾ ਹੈ। ਇਸ ਪ੍ਰੋਜੈਕਟ ਨਾਲ ਦੱਖਣ ਬਿਹਾਰ ਅਤੇ ਉੱਤਰ ਬਿਹਾਰ ਦਰਮਿਆਨ ਰੇਲ ਅਤੇ ਸੜਕ ਦਾ ਇੱਕ ਨਿਰੰਤਰ ਅਤੇ ਵੱਧ ਸਮਰੱਥਾ ਵਾਲਾ ਸੰਪਰਕ ਮਾਰਗ ਬਣ ਗਿਆ।
- ਲਗਭਗ 4.55 ਕਿਲੋਮੀਟਰ ਲੰਬੇ ਇਸ ਸੰਯੁਕਤ ਰੇਲ-ਸੜਕ ਪੁਲ ਦੇ ਬਣਨ ਨਾਲ ਪੁਰਾਣੇ ਪੁਲਾਂ 'ਤੇ ਵਰ੍ਹਿਆਂ ਤੋਂ ਬਣਿਆ ਦਬਾਅ ਘੱਟ ਹੋਇਆ। ਸੜਕ ਯਾਤਰੀਆਂ ਦੇ ਲਈ ਯਾਤਰਾ ਦੂਰੀ ਲਗਭਗ 20-25 ਕਿਲੋਮੀਟਰ ਘੱਟ ਹੋ ਗਈ।
- ਪਟਨਾ ਸ਼ਹਿਰ ਦੇ ਅੰਦਰ ਟ੍ਰੈਫਿਕ ਜਾਮ ਵਿੱਚ ਵੀ ਕਮੀ ਆਈ। ਰੇਲ ਖੇਤਰ ਵਿੱਚ ਵੀ ਇਸ ਨਵੇਂ ਪੁਲ ਨਾਲ ਪੁਰਾਣੇ ਪੁਲਾਂ 'ਤੇ ਬੋਝ ਘੱਟ ਹੋਇਆ। ਇਸ ਨਾਲ ਵੱਧ ਯਾਤਰੀ ਅਤੇ ਮਾਲਗੱਡੀਆਂ ਦਾ ਸੰਚਾਲਨ ਸੰਭਵ ਹੋ ਸਕਿਆ। ਹਰ ਵਰ੍ਹੇ ਲਗਭਗ 2.78 ਕਰੋੜ ਟਨ ਮਾਲ ਦੀ ਆਵਾਜਾਈ ਵਿੱਚ ਮਦਦ ਮਿਲੀ।
- ਪੂਰਬੀ, ਉੱਤਰੀ ਅਤੇ ਉੱਤਰ-ਪੂਰਬ ਭਾਰਤ ਨੂੰ ਜੋੜਣ ਵਾਲੇ ਪ੍ਰਮੁੱਖ ਰੇਲ ਮਾਰਗਾਂ 'ਤੇ ਟ੍ਰੇਨਾਂ ਦੀ ਸਮੇਂ-ਪਾਲਣ ਵਿਵਸਥਾ ਬਿਹਤਰ ਹੋਈ। ਨਾਲ ਹੀ, ਗੰਗਾ ਦੇ ਦੋਵੇਂ ਕਿਨਾਰਿਆਂ ਨੂੰ ਸਿੱਧਾ ਜੋੜਣ ਨਾਲ ਲੋਕਾਂ ਦੀ ਪਹੁੰਚ ਰੁਜ਼ਗਾਰ ਕੇਂਦਰਾਂ, ਅਕਾਦਮਿਕ ਸੰਸਥਾਵਾਂ, ਹਸਪਤਾਲਾਂ ਅਤੇ ਬਜ਼ਾਰਾਂ ਤੱਕ ਵਧੀ ਹੈ।
- ਨਵੇਂ ਪੁਲ ਨਾਲ ਲਗਭਗ 149 ਕਰੋੜ ਕਿਲੋ ਕਾਰਬਨ ਨਿਕਾਸੀ ਵਿੱਚ ਕਮੀ ਹੋਈ ਹੈ, ਜੋ ਲਗਭਗ 6 ਕਰੋੜ ਰੁੱਖ ਲਗਾਉਣ ਦੇ ਬਰਾਬਰ ਵਾਤਾਵਰਣਿਕ ਲਾਭ ਹੈ।

> ਵਿਕਸਿਤ ਭਾਰਤ... ਯਾਨੀ ਜਿੱਥੇ ਗਤੀ ਵੀ ਹੋਵੇ, ਪ੍ਰਗਤੀ ਵੀ ਹੋਵੇ, ਜਿੱਥੇ ਜਨਹਿਤ ਸਭ ਤੋਂ ਉੱਪਰ ਹੋਵੇ... ਜਿੱਥੇ ਸਰਕਾਰ ਦੀਆਂ ਯੋਜਨਾਵਾਂ ਦੇਸ਼ਵਾਸੀਆਂ ਦਾ ਜੀਵਨ ਅਸਾਨ ਬਣਾਉਣ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰੋਜੈਕਟ

ਕੋਸੀ ਮਹਾਸੇਤੂ

ਪ੍ਰੋਜੈਕਟ ਨੂੰ ਮਨਜ਼ੂਰੀ
ਵਰ੍ਹੇ 2003-04

ਪ੍ਰੋਜੈਕਟ ਦੀ ਲੰਬਾਈ
1.9 ਕਿਲੋਮੀਟਰ

ਲਾਗਤ
516 ਕਰੋੜ ਰੁਪਏ

ਸ਼ੁਰੂਆਤ
18 ਸਤੰਬਰ 2020

ਲਾਭ

- ਖੇਤਰ ਦੇ ਲੋਕਾਂ ਦਾ 86 ਵਰ੍ਹੇ ਪੁਰਾਣਾ ਸੁਪਨਾ ਸਾਕਾਰ ਹੋਇਆ। ਲੰਬੀ ਉਡੀਕ ਪੂਰੀ ਹੋਈ ਕਿਉਂਕਿ ਵਰ੍ਹੇ 1887 ਵਿੱਚ ਨਿਰਮਲੀ ਅਤੇ ਭਾਪਤਿਯਾਹੀ (ਸਰਾਏਗੜ੍ਹ) ਦਰਮਿਆਨ ਇੱਕ ਮੀਟਰ ਗੇਜ ਲਾਈਨ ਸ਼ੁਰੂ ਕੀਤੀ ਗਈ ਸੀ। ਪਰ ਵਰ੍ਹੇ 1934 ਵਿੱਚ ਆਏ ਭਿਆਨਕ ਹੜ੍ਹ ਅਤੇ ਭਾਰਤ-ਨੇਪਾਲ ਵਿੱਚ ਆਏ ਭੂਚਾਲ ਦੇ ਚਲਦੇ ਇਹ ਲਾਈਨ ਤਬਾਹ ਹੋ ਗਈ ਸੀ।
- ਵਰ੍ਹੇ 2003 ਵਿੱਚ ਜਦੋਂ ਨਿਤਿਸ਼ ਕੁਮਾਰ ਕੇਂਦਰੀ ਰੇਲ ਮੰਤਰੀ ਸਨ ਅਤੇ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਤਦ ਇਸ ਪ੍ਰੋਜੈਕਟ ਦੀ ਪਰਿਕਲਪਨਾ ਕੀਤੀ ਗਈ। ਉਸ ਤੋਂ ਬਾਅਦ ਵਿਵਸਥਾ ਬਦਲੀ, ਚਾਲ ਹੌਲੀ ਹੋ ਗਈ।
- ਨਿਰਮਾਣ ਪੂਰਾ ਹੋਣ ਨਾਲ ਦੂਰੀ ਸਿਰਫ਼ 22 ਕਿਲੋਮੀਟਰ ਵਿੱਚ ਸਿਮਟ ਗਈ ਹੈ। ਯਾਤਰਾ 8 ਘੰਟੇ ਦੀ ਥਾਂ ਅੱਧੇ ਘੰਟੇ ਵਿੱਚ ਪੂਰੀ ਹੋ ਰਹੀ ਹੈ।
- ਉੱਤਰ ਬਿਹਾਰ ਦੇ ਕਈ ਜ਼ਿਲ੍ਹਿਆਂ ਦੇ ਲੋਕਾਂ ਦੇ ਲਈ ਇਹ ਰਾਹ ਬਹੁਤ ਲਾਭਕਾਰੀ ਹੋਇਆ। ਇਸ ਨਾਲ ਖੇਤਰ ਦੇ ਲੋਕਾਂ ਨੂੰ ਕੋਲਕਾਤਾ, ਦਿੱਲੀ ਅਤੇ ਮੁੰਬਈ ਜਿਹੀਆਂ ਲੰਬੀ ਦੂਰੀ ਵਾਲੀਆਂ ਥਾਵਾਂ ਤੱਕ ਜਾਣਾ ਅਤੇ ਆਉਣਾ ਅਸਾਨ ਹੋਇਆ।

ਪ੍ਰੋਜੈਕਟ

ਈਸਟਰਨ-ਵੈਸਟਰਨ ਪੈਰੀਫੇਰਲ ਐਕਸਪ੍ਰੈਸਵੇਅ ਪ੍ਰੋਜੈਕਟ

ਈਸਟਰਨ-ਵੈਸਟਰਨ ਪੈਰੀਫੇਰਲ ਪ੍ਰੋਜੈਕਟ ਨੂੰ 2006 ਵਿੱਚ ਪ੍ਰਵਾਨਗੀ ਮਿਲੀ। ਪ੍ਰੋਜੈਕਟ ਇੱਕ ਦਹਾਕੇ ਦੀ ਦੇਰੀ ਦੇ ਬਾਅਦ 2016 ਅਤੇ 2018 ਵਿੱਚ ਪੂਰਾ ਹੋਇਆ।

ਈਸਟਰਨ ਪੈਰੀਫੇਰਲ ਐਕਸਪ੍ਰੈਸਵੇਅ

ਨੀਂਹ ਪੱਥਰ
5 ਨਵੰਬਰ 2015

ਉਦਘਾਟਨ
27 ਮਈ 2018

ਲਾਗਤ: 11,000 ਕਰੋੜ ਰੁਪਏ

ਪ੍ਰਗਤੀ ਪਲੈਟਫਾਰਮ

ਪ੍ਰੋਜੈਕਟ ਦੀ ਸਮੀਖਿਆ ਵਿੱਚ ਬਹੁਤ ਸਾਰੀਆਂ ਖਾਮਿਆਂ ਦਾ ਪਤਾ ਲੱਗਿਆ। ਨਿਰੰਤਰ ਫੌਲੋਅਪ ਦੇ ਬਾਅਦ ਕੰਮ ਵਿੱਚ ਤੇਜ਼ੀ ਆਈ ਅਤੇ ਵਰ੍ਹਿਆਂ ਦਾ ਇੰਤਜ਼ਾਰ ਖਤਮ ਹੋਇਆ।

ਪ੍ਰੋਜੈਕਟ ਦੀ ਕੁੱਲ ਲੰਬਾਈ: 270 ਕਿਲੋਮੀਟਰ

- ਕੁੰਡਲੀ-ਮਾਨੇਸਰ-ਪਲਵਲ (ਕੇਐੱਮਪੀ) ਵੈਸਟਰਨ ਪੈਰੀਫੇਰਲ ਐਕਸਪ੍ਰੈੱਸ-ਵੇਅ ਦੇ ਕੁੰਡਲੀ-ਮਾਨੇਸਰ ਸੈਕਸ਼ਨ ਦਾ 19 ਨਵੰਬਰ, 2018 ਨੂੰ ਉਦਘਾਟਨ ਕੀਤਾ ਗਿਆ।
- ਨੀਂਹ ਪੱਥਰ ਤੋਂ ਬਾਅਦ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਦਾ ਟੀਚਾ 910 ਦਿਨਾਂ ਦਾ ਸੀ ਜੋ ਸਿਰਫ਼ 500 ਦਿਨਾਂ ਵਿੱਚ ਪੂਰਾ ਕੀਤਾ ਗਿਆ।
- ਈਸਟਰਨ ਪੈਰੀਫੇਰਲ ਐਕਸਪ੍ਰੈੱਸ-ਵੇਅ ਦੇ ਲਈ ਲਗਭਗ 5,900 ਕਰੋੜ ਰੁਪਏ ਦੀ ਲਾਗਤ ਨਾਲ ਕੁੱਲ 1,700 ਹੈਕਟੇਅਰ ਭੂਮੀ ਦੀ ਜ਼ਮੀਨ ਪ੍ਰਾਪਤੀ।
- ਈਸਟਰਨ ਪੈਰੀਫੇਰਲ ਐਕਸਪ੍ਰੈੱਸ-ਵੇਅ, ਭਾਰਤ ਦਾ ਪਹਿਲਾ ਐਕਸਪ੍ਰੈੱਸ-ਵੇਅ ਹੈ ਜਿਸ ਦੇ ਪੂਰੇ 135 ਕਿਲੋਮੀਟਰ ਦੇ ਕੌਰੀਡੋਰ ਵਿੱਚ ਸੋਲਰ ਊਰਜਾ ਦਾ ਉਪਯੋਗ ਕੀਤਾ ਗਿਆ ਹੈ।
- ਦਿੱਲੀ ਦੇ ਆਲੇ-ਦੁਆਲੇ ਦੇ ਪੈਰੀਫੇਰਲ ਐਕਸਪ੍ਰੈੱਸ-ਵੇਅ ਪ੍ਰੋਜੈਕਟ ਦਾ ਉਦੇਸ਼ ਦਿੱਲੀ ਨੂੰ ਬਾਈਪਾਸ ਕਰਕੇ ਇੱਥੇ ਦੀ ਭੀੜ ਨੂੰ ਘੱਟ ਕਰਨਾ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਪ੍ਰਦੂਸ਼ਨ ਦੇ ਪੱਧਰ ਨੂੰ ਘੱਟ ਕਰਨਾ ਹੈ।

ਪ੍ਰੋਜੈਕਟ

ਅਟਲ ਟਨਲ-ਰਣਨੀਤਿਕ ਆਰਥਿਕ ਮਜ਼ਬੂਤੀ ਦਾ ਪ੍ਰਤੀਕ

ਰੋਹਤਾਂਗ ਵਿੱਚ ਮਨਾਲੀ-ਲੇਹ ਰਾਜਮਾਰਗ 'ਤੇ ਟਨਲ ਨਿਰਮਾਣ ਇੱਕ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਲਟਕਿਆ ਸੀ, ਜੋ ਮੌਜੂਦਾ ਕੇਂਦਰ ਸਰਕਾਰ ਦੀਆਂ ਸਿਖਰਲੀਆਂ ਪ੍ਰਾਥਮਿਕਤਾਵਾਂ ਦੀ ਵਜ੍ਹਾ ਨਾਲ ਸਿਰਫ਼ 6 ਵਰ੍ਹਿਆਂ ਵਿੱਚ ਸਾਕਾਰ ਹੋਇਆ। ਇਹ ਟਨਲ ਭਾਰਤ ਦੇ ਆਤਮਨਿਰਭਰ ਬਣਨ ਦੇ ਸੰਕਲਪ ਦੀ ਚਮਕਦੀ ਉਦਾਹਰਣ ਬਣਿਆ...

ਪ੍ਰੋਜੈਕਟ ਦਾ ਨੀਂਹ ਪੱਥਰ

26 ਮਈ 2002

ਨੂੰ ਅਪ੍ਰੋਚ ਰੋਡ ਦੇ ਰੂਪ ਵਿੱਚ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕੀਤਾ ਸੀ।

2002 ਵਿੱਚ ਨੀਂਹ ਪੱਥਰ ਦੇ ਬਾਅਦ ਤੋਂ 2013-14 ਤੱਕ ਸਿਰਫ਼ 1,300 ਮੀਟਰ ਟਨਲ ਦਾ ਕੰਮ ਹੋ ਪਾਇਆ ਸੀ। ਉਸੇ ਰਫ਼ਤਾਰ ਨਾਲ ਕੰਮ ਹੁੰਦਾ ਤਾਂ ਇਹ 2040 ਵਿੱਚ ਜਾ ਕੇ ਪੂਰਾ ਹੁੰਦਾ।

ਲਾਗਤ – 950 ਕਰੋੜ ਰੁਪਏ ਸੀ, ਦੇਰੀ ਦੇ ਕਾਰਨ ਵਧ ਕੇ 3,200 ਕਰੋੜ ਰੁਪਏ ਪਹੁੰਚੀ।

ਉਦਘਾਟਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ

3 ਅਕਤੂਬਰ 2020

ਰੁਕਾਵਟ

ਅਟਲ ਟਨਲ ਦਾ ਨਿਰਮਾਣ ਅਸਾਨ ਵੀ ਨਹੀਂ ਸੀ। ਟਨਲ ਦੇ ਨਿਰਮਾਣ ਵਿੱਚ 587 ਮੀਟਰ ਲੰਬੇ ਨਾਲੇ ਦੇ ਰੂਪ ਵਿੱਚ ਕਠਿਨ ਸਮੱਸਿਆ ਆਈ। ਇਸ ਵਿੱਚ 8,000 ਲੀਟਰ ਪ੍ਰਤੀ ਮਿੰਟ ਪਾਣੀ ਦੇ ਵਹਾਅ ਨੇ ਨਿਰਮਾਣ ਵਿੱਚ ਰੁਕਾਵਟ ਪਾਈ। ਇਹ ਸਮੱਸਿਆ ਆਪਣੇ ਆਪ ਵਿੱਚ ਚੁਣੌਤੀ ਸੀ। ਸਮੇਂ 'ਤੇ ਕਾਰਜ ਪੂਰਾ ਕਰਨ ਦੇ ਲਈ 3 ਹਜ਼ਾਰ ਵਰਕਰ ਅਤੇ ਬੀਆਰਓ ਦੇ 650 ਕਰਮਚਾਰੀਆਂ ਨੇ ਇਕਜੁੱਟ ਹੋ ਕੇ ਤਿੰਨ ਸ਼ਿਫਟਾਂ ਵਿੱਚ ਕੰਮ ਕੀਤਾ।

ਕਿਉਂ ਖਾਸ ਹੈ ਅਟਲ ਟਨਲ

- ਅਟਲ ਟਨਲ ਬਣਨ ਨਾਲ ਲੱਦਾਖ ਵਿੱਚ ਤੈਨਾਤ ਭਾਰਤੀ ਸੈਨਾ ਨੂੰ ਬਹੁਤ ਮਦਦ ਮਿਲਦੀ ਹੈ। ਹੁਣ ਸਰਦੀਆਂ ਵਿੱਚ ਵੀ ਹਥਿਆਰ ਅਤੇ ਰਸਦ ਦੀ ਸਪਲਾਈ ਅਸਾਨੀ ਨਾਲ ਹੁੰਦੀ ਹੈ।
- ਅਟਲ ਸੁਰੰਗ 10,171 ਫੁੱਟ ਦੀ ਉਚਾਈ 'ਤੇ ਬਣੀ ਹੈ। ਰੋਹਤਾਂਗ ਦੇ ਕੋਲ ਇਸ ਨੂੰ ਜੋੜ ਕੇ ਬਣਾਇਆ ਗਿਆ ਹੈ। ਇਹ ਦੁਨੀਆ ਦੀ ਸਭ ਤੋਂ ਉੱਚੀ ਅਤੇ ਸਭ ਤੋਂ ਲੰਬੀ ਰਾਜਮਾਰਗ ਟਨਲ ਰੋਡ ਹੈ।
- ਘੋੜੇ ਦੀ ਨਾਲ ਦੇ ਆਕਾਰ ਵਿੱਚ ਸਿੰਗਲ ਟਿਊਬ ਅਤੇ ਡਬਲ ਲੇਨ ਵਾਲੀ ਟਨਲ ਦੀ ਓਵਰਹੈੱਡ ਨਿਕਾਸੀ 5.525 ਮੀਟਰ ਦੀ ਹੈ।
- ਇਹ ਟਨਲ ਸੈਮੀ ਟ੍ਰਾਂਸਵਰਸ ਸਿਸਟਮ, ਸਕਾਡਾ ਨਿਯੰਤ੍ਰਿਤ ਅਗਨੀਮਿਸ਼ਨ, ਰੌਸ਼ਨੀ ਅਤੇ ਨਿਗਰਾਨੀ ਪ੍ਰਣਾਲੀ ਸਮੇਤ ਅਤਿਆਧੁਨਿਕ ਇਲੈਕਟ੍ਰੋ-ਮਕੈਨਿਕਲ ਪ੍ਰਣਾਲੀ ਨਾਲ ਲੈਸ ਹੈ।

ਪ੍ਰੋਜੈਕਟ

ਮੁੰਬਈ ਟ੍ਰਾਂਸ ਹਾਰਬਰ ਲਿੰਕ ਅਟਲ ਸੇਤੁ

ਨੀਂਹ ਪੱਥਰ 24 ਦਸੰਬਰ 2016

ਪ੍ਰੋਜੈਕਟ ਪੂਰਾ ਹੋਣ ਦੀ ਮਿਤੀ → 31 ਦਸੰਬਰ 2023

ਲਾਗਤ 20,550 ਕਰੋੜ ਰੁਪਏ

ਉਦਘਾਟਨ 12 ਜਨਵਰੀ 2024

- ਇਹ ਭਾਰਤ ਦਾ ਸਭ ਤੋਂ ਲੰਬਾ ਸਮੁੰਦਰੀ ਪੁਲ ਪ੍ਰੋਜੈਕਟ 'ਪ੍ਰਗਤੀ' ਪ੍ਰਣਾਲੀ ਵਿੱਚ ਨਿਗਰਾਨੀ ਦੇ ਕਾਰਨ, ਅਨੁਸ਼ਾਸਿਤ, ਸਮੇਂ-ਸਿਰ ਅੱਗੇ ਵਧਿਆ।
- ਇਹ ਪੁਲ 21.8 ਕਿਲੋਮੀਟਰ ਲੰਬਾ ਅਤੇ 6-ਲੇਨ ਵਾਲਾ ਹੈ ਜੋ 16.5 ਕਿਲੋਮੀਟਰ ਲੰਬੇ ਸਮੁੰਦਰ ਦੇ ਉੱਪਰ ਅਤੇ ਲਗਭਗ 5.5 ਕਿਲੋਮੀਟਰ ਜ਼ਮੀਨ 'ਤੇ ਬਣਿਆ ਹੈ।
- ਇਹ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਨਵੀਂ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਤੇਜ਼ ਕਨੈਕਟੀਵਿਟੀ ਪ੍ਰਦਾਨ ਕਰ ਰਿਹਾ ਹੈ। ਨਾਲ ਹੀ ਮੁੰਬਈ ਤੋਂ ਪੁਣੇ, ਗੋਆ ਅਤੇ ਦੱਖਣ ਭਾਰਤ ਦੀ ਯਾਤਰਾ ਵਿੱਚ ਲਗਣ ਵਾਲੇ ਸਮੇਂ ਨੂੰ ਵੀ ਘੱਟ ਕਰ ਰਿਹਾ ਹੈ।
- ਇਹ ਮੁੰਬਈ ਬੰਦਰਗਾਹ ਅਤੇ ਜਵਾਹਰਲਾਲ ਨਹਿਰੂ ਬੰਦਰਗਾਹ ਦਰਮਿਆਨ ਕਨੈਕਟੀਵਿਟੀ ਨੂੰ ਬਿਹਤਰ ਬਣਾ ਰਿਹਾ ਹੈ।
- ਅਟਲ ਸੇਤੁ ਦੇ ਨਿਰਮਾਣ ਦੌਰਾਨ ਲਗਭਗ 17 ਹਜ਼ਾਰ ਮਜ਼ਦੂਰ ਭੈਣਾਂ-ਭਰਾਵਾਂ ਅਤੇ 1500 ਇੰਜੀਨੀਅਰਸ ਨੂੰ ਸਿੱਧਾ ਰੁਜ਼ਗਾਰ ਮਿਲਿਆ।
- ਅਟਲ ਸੇਤੁ ਵਿੱਚ ਜਿੰਨੀ ਤਾਰ ਲਗੀ ਹੈ, ਉਸ ਨਾਲ ਪੂਰੀ ਧਰਤੀ ਦੇ ਦੋ ਵਾਰ ਚੱਕਰ ਲਗ ਸਕਦੇ ਹਨ। ਇਸ ਪ੍ਰੋਜੈਕਟ ਵਿੱਚ ਜਿੰਨਾ ਲੋਹਾ-ਸਟੀਲ ਇਸਤੇਮਾਲ ਕੀਤਾ ਹੈ, ਉਸ ਨਾਲ 4 ਹਾਵੜਾ ਪੁਲ ਅਤੇ 6 ਸਟੈਚਿਊ ਆਫ ਲਿਬਰਟੀ ਦਾ ਨਿਰਮਾਣ ਹੋ ਸਕਦਾ ਹੈ।

"2014 ਦੇ ਬਾਅਦ ਤੋਂ ਇੱਕ ਹੋਰ ਬਹੁਤ ਵੱਡਾ ਬਦਲਾਅ ਆਇਆ ਹੈ ਕਿ ਵਰ੍ਹਿਆਂ ਤੋਂ ਅਟਕੇ-ਭਟਕੇ-ਲਟਕੇ ਪ੍ਰੋਜੈਕਟਾਂ ਨੂੰ ਲੱਭ-ਲੱਭ ਕੇ ਮਿਸ਼ਨ ਮੋਡ 'ਤੇ ਪੂਰਾ ਕਰਵਾਇਆ ਜਾ ਰਿਹਾ ਹੈ। ਅੱਧੇ-ਅਧੂਰੇ ਪ੍ਰੋਜੈਕਟਸ ਸਾਡੇ ਦੇਸ਼ ਦੇ ਜੋ ਇਮਾਨਦਾਰ ਟੈਕਸ ਪੇਅਰਸ ਹਨ, ਉਨ੍ਹਾਂ ਦੇ ਪੈਸੇ ਤਾਂ ਬਰਬਾਦ ਕਰਦੇ ਹੀ ਕਰਦੇ ਹਨ, ਲਾਗਤ ਵੀ ਵਧ ਜਾਂਦੀ ਹੈ ਅਤੇ ਜੋ ਉਸ ਦਾ ਲਾਭ ਮਿਲਣਾ ਚਾਹੀਦਾ ਹੈ, ਉਹ ਵੀ ਨਹੀਂ ਮਿਲਦਾ ਹੈ। ਇਹ ਸਾਡੇ ਟੈਕਸ ਪੇਅਰਸ ਦੇ ਨਾਲ ਵੀ ਬਹੁਤ ਵੱਡਾ ਅਨਿਆਂ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਪ੍ਰੋਜੈਕਟ

ਕੌਲਮ ਬਾਈਪਾਸ

ਮਨਜ਼ੂਰੀ
1972

ਕੇਂਦਰ ਸਰਕਾਰ ਦੀ ਆਖਰੀ ਇਜਾਜ਼ਤ
ਜਨਵਰੀ, 2015

ਪ੍ਰੋਜੈਕਟ ਦੀ ਲੰਬਾਈ
ਐੱਨਐੱਚ-66 'ਤੇ 13 ਕਿਲੋਮੀਟਰ

ਉਦਘਾਟਨ
15 ਜਨਵਰੀ 2019

ਲਾਗਤ
352 ਕਰੋੜ ਰੁਪਏ

ਪ੍ਰਗਤੀ ਪਲੈਟਫਾਰਮ

ਲਗਭਗ ਚਾਰ ਦਹਾਕਿਆਂ ਤੋਂ ਲੰਬਿਤ ਇਸ ਪ੍ਰੋਜੈਕਟ ਦੀ ਇਜਾਜ਼ਤ ਅਤੇ ਆਰਥਿਕ ਦਿੱਕਤ ਸਮੇਤ ਜੋ ਰੁਕਾਵਟਾਂ ਸਨ, ਸਭ ਸਮੇ-ਸਿਰ ਤਰੀਕੇ ਨਾਲ ਪ੍ਰਗਤੀ ਪਲੈਟਫਾਰਮ ਨੇ ਦੂਰ ਕੀਤੀਆਂ।

ਲਾਭ

2 ਲੇਨ ਵਾਲੇ ਇਸ ਬਾਈਪਾਸ ਪ੍ਰੋਜੈਕਟ ਨਾਲ ਅਲੱਪੁਝਾ ਅਤੇ ਤਿਰੂਵਨੰਤਪੁਰਮ ਦਰਮਿਆਨ ਯਾਤਰਾ ਦਾ ਸਮਾਂ ਘੱਟ ਹੋਇਆ ਹੈ। ਕੌਲਮ ਸ਼ਹਿਰ ਵਿੱਚ ਟ੍ਰੈਫਿਕ ਜਾਮ ਦੀ ਸਮੱਸਿਆ ਵੀ ਘੱਟ ਹੋਈ ਹੈ।

ਪ੍ਰੋਜੈਕਟ

ਨਵੀਂ ਮੁੰਬਈ ਇੰਟਰਨੈਸ਼ਨਲ ਏਅਰਪੋਰਟ

ਪ੍ਰੋਜੈਕਟ ਨੂੰ ਮਨਜ਼ੂਰੀ
6 ਜੁਲਾਈ 2007

ਲਾਗਤ
19,646 ਕਰੋੜ ਰੁਪਏ

ਪ੍ਰਗਤੀ 'ਤੇ ਸਮੀਖਿਆ
25 ਮਾਰਚ 2015,
29 ਸਤੰਬਰ 2021

ਕੰਮ ਪੂਰਾ
25 ਦਸੰਬਰ 2025

ਲਾਭ

ਮਹਾਰਾਸ਼ਟਰ ਦੇ ਕਿਸਾਨ ਮੱਧ ਪੂਰਬ ਦੀ ਸੁਪਰ ਮਾਰਕਿਟ ਨਾਲ ਜੁੜੇ

ਪ੍ਰੋਜੈਕਟ

ਜੰਮੂ-ਉਧਮਪੁਰ-ਸ੍ਰੀਨਗਰ ਬਾਰਾਮੂਲਾ ਰੇਲ ਲਿੰਕ

ਉਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲ ਲਿੰਕ (ਯੂਐੱਸਬੀਆਰਐੱਲ) ਸੁਤੰਤਰ ਭਾਰਤ ਵਿੱਚ ਸ਼ੁਰੂ ਕੀਤੇ ਗਏ ਸਭ ਤੋਂ ਮਹੱਤਵਕਾਂਖੀ ਰੇਲ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਹਿਮਾਲਿਆ ਦੀਆਂ ਉੱਬੜ-ਖਾਬੜ ਪਹਾੜੀਆਂ ਵਿੱਚ 272 ਕਿਲੋਮੀਟਰ ਤੱਕ ਫੈਲੇ ਇਸ ਪ੍ਰੋਜੈਕਟ ਵਿੱਚ 119 ਕਿਲੋਮੀਟਰ ਸੁਰੰਗ ਹੈ। ਇਸ ਵਿੱਚ 38 ਸੁਰੰਗਾਂ ਦੇ ਇਲਾਵਾ ਘਾਟੀ ਅਤੇ ਪਹਾੜੀ ਦਰਾਂ ਨੂੰ ਜੋੜਣ ਵਾਲੇ 943 ਪੁਲ ਸ਼ਾਮਲ ਹਨ। ਇਹ ਰੇਲ ਨੈੱਟਵਰਕ ਜੰਮੂ-ਕਸ਼ਮੀਰ ਦੇ ਲਈ ਗਤੀਸ਼ੀਲਤਾ, ਵਪਾਰ ਅਤੇ ਟੂਰਿਜ਼ਮ ਦੇ ਖੇਤਰ ਵਿੱਚ ਇੱਕ ਨਵਾਂ ਅਧਿਆਏ ਜੋੜਦਾ ਹੈ।

ਪ੍ਰੋਜੈਕਟ ਨੂੰ ਮਨਜ਼ੂਰੀ
31 ਮਾਰਚ 1994

ਲਾਗਤ
43,780 ਕਰੋੜ ਰੁਪਏ

ਰੇਲ ਲਾਈਨ ਦੀ ਲੰਬਾਈ
272 ਕਿਲੋਮੀਟਰ

ਸ਼ੁਰੂਆਤ
6 ਜੂਨ 2025

ਖਾਸੀਅਤ

38 ਸੁਰੰਗਾਂ (ਲੰਬਾਈ 119 ਕਿਲੋਮੀਟਰ), 943 ਪੁਲ

ਪ੍ਰਗਤੀ 'ਤੇ ਸਮੀਖਿਆ
24 ਜੂਨ 2015, 6 ਨਵੰਬਰ-2019 ਅਤੇ 30 ਦਸੰਬਰ-2020

- ਵਿਸ਼ਵ ਦਾ ਸਭ ਤੋਂ ਉੱਚੇ 359 ਮੀਟਰ ਰੇਲਵੇ ਆਰਚ ਬ੍ਰਿਜ ਦਾ ਨਿਰਮਾਣ ਹੋਇਆ ਜੋ ਚਿਨਾਬ ਬ੍ਰਿਜ 'ਤੇ ਬਣਾਇਆ ਗਿਆ।
- ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਰੇਲ ਕਨੈਕਟੀਵਿਟੀ।

ਪ੍ਰੋਜੈਕਟ

ਖੁਰਦਾ-ਬਲਾਂਗੀਰ ਨਿਊ ਬ੍ਰੌਡ ਗੇਜ ਰੇਲ ਲਿੰਕ

ਮਨਜ਼ੂਰੀ
31 ਮਾਰਚ 1994

ਕੰਮ ਦੀ ਸ਼ੁਰੂਆਤ
8 ਮਾਰਚ 2001

ਲੰਬਾਈ
301 ਕਿਮੀ.

ਪ੍ਰਗਤੀ ਮੰਚ 'ਤੇ ਸਮੀਖਿਆ
30 ਸਤੰਬਰ 2015, 22 ਜਨਵਰੀ 2020

ਪੂਰਾ ਕਰਨ ਦਾ ਟੀਚਾ
31 ਦਸੰਬਰ 2026

ਲਾਗਤ
5,089 ਕਰੋੜ ਰੁਪਏ

ਲਾਭ
ਖੇਤਰੀ ਵਪਾਰ ਅਤੇ ਭੁਵਨੇਸ਼ਵਰ-ਬਲਾਂਗੀਰ ਦੇ ਵਿੱਚ ਦੀ ਦੂਰੀ ਘੱਟ ਹੋਵੇਗੀ।

ਰੁਕਾਵਟ: ਵਣ ਮਨਜ਼ੂਰੀ/ਜ਼ਮੀਨ ਪ੍ਰਾਪਤੀ

- ਇਨ੍ਹਾਂ ਰੇਲ ਲਾਈਨਾਂ 'ਤੇ ਸਾਰੀਆਂ 7 ਸੁਰੰਗਾਂ ਦਾ ਨਿਰਮਾਣ ਕਾਰਜ ਪੂਰਾ

ਪ੍ਰੋਜੈਕਟ

ਅਗਰਤਲਾ-ਸਬਰੂਮ ਨਵੀਂ ਰੇਲ ਲਾਈਨ

ਨੀਂਹ ਪੱਥਰ
ਅਕਤੂਬਰ 2008

ਪ੍ਰਗਤੀ ਮੰਚ 'ਤੇ ਸਮੀਖਿਆ
24 ਜੂਨ 2015

ਲਾਗਤ: 5,138.51 ਕਰੋੜ

ਰੁਕਾਵਟ: ਵਣ, ਜੰਗਲੀ ਜੀਵ, ਵਾਤਾਵਰਣ

ਕੰਮ ਸ਼ੁਰੂ ਹੋਇਆ
29 ਜੁਲਾਈ 2009

ਉਦਘਾਟਨ
ਅਕਤੂਬਰ 2019

ਲਾਭ
ਅਨਾਜ ਅਤੇ ਈਂਧਣ ਜਿਹੀਆਂ ਜ਼ਰੂਰੀ ਚੀਜ਼ਾਂ ਦੀ ਢੁਆਈ ਦਾ ਖਰਚ ਘੱਟ ਹੋਇਆ। ਇਸ ਨਾਲ ਤ੍ਰਿਪੁਰਾ ਦੇ ਬਜ਼ਾਰਾਂ ਵਿੱਚ ਬਿਨਾ ਰੁਕਾਵਟ ਸਪਲਾਈ ਬਣੀ ਰਹੀ ਅਤੇ ਕੀਮਤਾਂ ਵਿੱਚ ਸਥਿਰਤਾ ਆਈ।

ਪ੍ਰੋਜੈਕਟ

ਸੀਵੂਡ-ਬੇਲਾਪੁਰ-ਉਰਣ ਲਾਈਨ

ਮਨਜ਼ੂਰੀ
11 ਜੁਲਾਈ 1997

ਪ੍ਰਗਤੀ ਮੰਚ 'ਤੇ ਸਮੀਖਿਆ
22 ਫਰਵਰੀ 2017

ਲਾਗਤ
2,980.41 ਕਰੋੜ

ਪੂਰਾ ਹੋਣ ਦੀ ਮਿਤੀ
11 ਮਾਰਚ 2023

ਲਾਭ
ਬੇਲਾਪੁਰ-ਉਰਣ ਰੇਲਵੇ ਲਾਈਨ ਰਣਨੀਤਿਕ ਤੌਰ 'ਤੇ ਮਹੱਤਵਪੂਰਨ ਸਬ ਅਰਬਨ ਰੇਲ ਇਨਫ੍ਰਾਸਟ੍ਰਕਚਰ ਪ੍ਰੋਜੈਕਟ ਹੈ ਜਿਸ ਨੂੰ ਨਵੀਂ ਮੁੰਬਈ ਦੇ ਯੋਜਨਾਬੱਧ ਵਿਕਾਸ ਨੂੰ ਹੁਲਾਰਾ ਦੇਣ ਦੇ ਲਈ ਬਣਾਇਆ ਗਿਆ।

ਰੁਕਾਵਟ: ਵਣ, ਜੰਗਲੀ ਜੀਵ, ਵਾਤਾਵਰਣ

ਪ੍ਰੋਜੈਕਟ

ਹਰਿਦਾਸਪੁਰ-ਪਾਰਾਦੀਪ ਨਿਊ ਰੇਲ ਲਾਈਨ

ਮਨਜ਼ੂਰੀ
1 ਜਨਵਰੀ 1997

ਪ੍ਰਗਤੀ ਮੰਚ 'ਤੇ ਸਮੀਖਿਆ
29 ਅਗਸਤ 2018

ਰੁਕਾਵਟ: ਜ਼ਮੀਨ ਪ੍ਰਾਪਤੀ ਅਤੇ ਕੁਝ ਹੋਰ

ਲਾਗਤ
11,186 ਕਰੋੜ

ਪੂਰਾ ਹੋਣ ਦੀ ਮਿਤੀ
31 ਜੁਲਾਈ 2020

ਲਾਭ
ਪਾਰਾਦੀਪ ਪੋਰਟ ਤੋਂ ਰੇਲ ਦੀ 40 ਕਿਲੋਮੀਟਰ ਦੂਰੀ ਘੱਟ ਹੋਈ। ਮਾਲ ਢੁਆਈ ਦੀ ਕੁਸ਼ਲਤਾ ਵਿੱਚ 25 ਤੋਂ 30% ਦਾ ਵਾਧਾ। 20 ਤੋਂ 25 ਵਾਧੂ ਮਾਲ ਵਾਹਕ ਟ੍ਰੇਨ ਪ੍ਰਤੀ ਦਿਨ ਵਧੀ।

ਪ੍ਰੋਜੈਕਟ

ਹੈਦਰਾਬਾਦ ਮੈਟ੍ਰੋ ਰੇਲ (72 ਕਿਮੀ)

ਮਨਜ਼ੂਰੀ
2012

ਪ੍ਰਗਤੀ ਮੰਚ 'ਤੇ ਸਮੀਖਿਆ
31 ਦਸੰਬਰ 2015

ਲਾਗਤ
18,975 ਕਰੋੜ

ਪੂਰਾ ਹੋਣ ਦੀ ਤਰੀਕ
07 ਫਰਵਰੀ, 2020

ਰੁਕਾਵਟ
ਬਿਜਲੀ ਟੈਰਿਫ ਸਮੇਤ ਵਿੱਤੀ ਰੁਕਾਵਟਾਂ।

ਲਾਭ
ਇਹ ਪੀਪੀਪੀ ਮਾਡਲ ਦੇ ਤਹਿਤ ਵਿਕਸਿਤ ਦੁਨੀਆ ਦਾ ਸਭ ਤੋਂ ਵੱਡਾ ਮੈਟ੍ਰੋ ਪ੍ਰੋਜੈਕਟ ਹੈ। ਇਸ ਵਿੱਚ ਮਲਟੀਮਾਡਲ ਟ੍ਰਾਂਸਪੋਰਟ ਦਾ ਏਕੀਕਰਣ ਅਤੇ ਵੱਡੇ ਪੈਮਾਨੇ 'ਤੇ ਟ੍ਰਾਂਜ਼ਿਟ-ਓਰੀਐਂਟਿਡ ਡਿਵੈਲਪਮੈਂਟ ਸ਼ਾਮਲ ਹੈ, ਜਿਸ ਨਾਲ ਸ਼ਹਿਰੀ ਆਵਾਜਾਈ ਅਤੇ ਆਰਥਿਕ ਵਿਕਾਸ 'ਤੇ ਵੱਡਾ ਪ੍ਰਭਾਵ ਪਿਆ ਹੈ।

ਪ੍ਰੋਜੈਕਟ

ਅਹਿਮਦਾਬਾਦ ਮੈਟ੍ਰੋ ਰੇਲ (ਫੇਜ਼-1)

ਮਨਜ਼ੂਰੀ
17 ਨਵੰਬਰ 2014

ਲਾਗਤ
12,924.5 ਕਰੋੜ

ਪ੍ਰਗਤੀ ਮੰਚ 'ਤੇ ਸਮੀਖਿਆ
25 ਅਪ੍ਰੈਲ 2018, 30 ਦਸੰਬਰ 2020

ਪੂਰਾ ਹੋਣ ਦੀ ਮਿਤੀ
ਜਨਵਰੀ 2026

ਰੁਕਾਵਟ: ਵਿੱਤ ਸਮੱਸਿਆਵਾਂ, ਜ਼ਮੀਨ ਪ੍ਰਾਪਤੀ।

ਲਾਭ
ਯਾਤਰਾ ਦੇ ਸਮੇਂ ਵਿੱਚ ਬੱਚਤ ਦੇ ਨਾਲ ਈਂਧਣ ਦੀ ਖਪਤ ਘੱਟ ਹੋਈ। ਹਵਾ ਦੀ ਗੁਣਵੱਤਾ ਵਿੱਚ ਵੀ ਸੁਧਾਰ ਹੋਇਆ ਅਤੇ ਆਵਾਜਾਈ ਸੁਰੱਖਿਆ ਦੇ ਨਾਲ ਹੀ ਭੀੜ ਘੱਟ ਹੋਈ।

ਪ੍ਰੋਜੈਕਟ

ਦਿੱਲੀ ਐੱਮਆਰਟੀਐੱਸ ਫੇਜ਼-3

ਮਨਜ਼ੂਰੀ
26 ਦਸੰਬਰ 2011

ਪ੍ਰਗਤੀ ਮੰਚ 'ਤੇ ਸਮੀਖਿਆ
27 ਮਈ 2015

ਲਾਗਤ
38,585 ਕਰੋੜ

ਪੂਰਾ ਹੋਣ ਦੀ ਮਿਤੀ
6 ਅਗਸਤ 2022

ਲਾਭ
ਮੈਟ੍ਰੋ ਕਨੈਕਟੀਵਿਟੀ ਮਜ਼ਬੂਤ ਹੋਈ, ਦਿੱਲੀ-ਐੱਨਸੀਆਰ ਵਿੱਚ ਆਵਾਜਾਈ ਅਸਾਨ

ਰੁਕਾਵਟ: ਜ਼ਮੀਨ ਪ੍ਰਾਪਤੀ, ਲਾਗਤ ਸ਼ੇਅਰ ਅਤੇ ਨਿਰਮਾਣ ਨਾਲ ਜੁੜੇ ਮੁੱਦੇ

ਪ੍ਰੋਜੈਕਟ

ਗਾਡਰਵਾਰਾ ਸੁਪਰ ਥਰਮਲ ਪਾਵਰ

ਮਨਜ਼ੂਰੀ
2008

ਨੀਂਹ ਪੱਥਰ
2014

ਇਸ ਵਿੱਚ 800 ਮੈਗਾਵਾਟ ਦੀਆਂ ਦੋ ਇਕਾਈਆਂ

ਰਾਸ਼ਟਰ ਨੂੰ ਸਮਰਪਿਤ

ਅਕਤੂਬਰ 2025

ਦੇਰੀ ਦੀ ਵਜ੍ਹਾ
ਭੂਮੀ, ਈਂਧਣ ਲਿੰਕੇਜ ਅਤੇ ਲਾਗੂਕਰਨ ਸਬੰਧੀ ਸਮੱਸਿਆ

ਲਾਭ

ਮੱਧ ਪ੍ਰਦੇਸ਼ ਸਮੇਤ ਪੱਛਮੀ ਰਾਜਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਹੋਈ।

- ਪ੍ਰਗਤੀ ਪਲੈਟਫਾਰਮ 'ਤੇ ਸਮੀਖਿਆ ਤੋਂ ਬਾਅਦ ਪ੍ਰੋਜੈਕਟ ਨੇ ਫੜੀ ਰਫ਼ਤਾਰ
- ਮੱਧ ਪ੍ਰਦੇਸ਼ ਦੇ ਨਰਸਿੰਘਪੁਰ ਜ਼ਿਲ੍ਹੇ ਵਿੱਚ ਸਥਿਤ ਹੈ ਐੱਨਪੀਸੀ ਦਾ ਇਹ ਪ੍ਰੋਜੈਕਟ

ਪ੍ਰੋਜੈਕਟ

ਕੁਡਗੀ-1 ਸੁਪਰ ਥਰਮਲ ਪਾਵਰ ਪਲਾਂਟ, 3X800 ਮੈਗਾਵਾਟ, ਐੱਨਟੀਪੀਸੀ

ਮਨਜ਼ੂਰੀ
1 ਮਾਰਚ 2012

ਪ੍ਰਗਤੀ ਮੰਚ 'ਤੇ ਸਮੀਖਿਆ
24 ਜੂਨ 2015

ਲਾਗਤ
18,382 ਕਰੋੜ ਰੁਪਏ

ਪੂਰਾ ਹੋਣ ਦੀ ਮਿਤੀ

3 ਦਸੰਬਰ 2018

ਲਾਭ

ਦੱਖਣ ਭਾਰਤ ਦੇ ਉਦਯੋਗਿਕ ਇਲਾਕਿਆਂ ਵਿੱਚ ਬਿਜਲੀ ਸਪਲਾਈ ਅਤੇ ਦੱਖਣ ਭਾਰਤ ਵਿੱਚ ਗ੍ਰਿਡ ਸਥਿਰਤਾ।

ਰੁਕਾਵਟ: ਜ਼ਮੀਨ ਪ੍ਰਾਪਤੀ, ਵਰਤੋਂ ਦਾ ਅਧਿਕਾਰ।

ਪ੍ਰੋਜੈਕਟ

ਸੋਲਾਪੁਰ ਸੁਪਰ ਥਰਮਲ ਪਾਵਰ ਸਟੇਸ਼ਨ

ਮਨਜ਼ੂਰੀ
1 ਮਾਰਚ 2012

ਪ੍ਰਗਤੀ ਮੰਚ 'ਤੇ ਸਮੀਖਿਆ
30 ਦਸੰਬਰ 2015

ਲਾਗਤ
11,406 ਕਰੋੜ ਰੁਪਏ

ਪੂਰਾ ਹੋਣ ਦੀ ਮਿਤੀ

29 ਮਾਰਚ 2019

ਲਾਭ

ਸੋਲਾਪੁਰ ਸੁਪਰ ਥਰਮਲ ਪਾਵਰ ਸਟੇਸ਼ਨ ਨੇ ਭਰੋਸੇਯੋਗ ਬਿਜਲੀ ਸਪਲਾਈ ਯਕੀਨੀ ਬਣਾ ਕੇ, ਊਰਜਾ ਸੁਰੱਖਿਆ ਨੂੰ ਮਜ਼ਬੂਤ ਬਣਾ ਕੇ ਅਤੇ ਖੇਤਰੀ ਆਰਥਿਕ ਵਿਕਾਸ ਨੂੰ ਸਮਰਥਨ ਦੇ ਕੇ ਮਹੱਤਵਪੂਰਨ ਸਮਾਜਿਕ-ਆਰਥਿਕ ਮੁੱਲ ਦਾ ਸਿਰਜਣ ਕੀਤਾ ਹੈ।

ਰੁਕਾਵਟ: ਵਰਤੋਂ ਦਾ ਅਧਿਕਾਰ/ਰਸਤੇ ਦਾ ਅਧਿਕਾਰ, ਬਿਜਲੀ, ਫਿਊਲ ਅਤੇ ਜ਼ਮੀਨ ਦੀ ਪ੍ਰਾਪਤੀ।

ਪ੍ਰੋਜੈਕਟ

ਕਾਮੇਂਗ ਹਾਈਡ੍ਰੋ ਪਾਵਰ

ਮਨਜ਼ੂਰੀ
ਨਵੰਬਰ 2004

ਪ੍ਰਗਤੀ ਮੰਚ 'ਤੇ ਸਮੀਖਿਆ
24 ਜੂਨ 2015

ਰੁਕਾਵਟ: ਜ਼ਮੀਨ ਪ੍ਰਾਪਤੀ, ਵਣ, ਜੰਗਲੀ ਜੀਵ ਅਤੇ ਵਾਤਾਵਰਣ।

ਲਾਗਤ
8,458.95 ਕਰੋੜ ਰੁਪਏ

ਪੂਰਾ ਹੋਣ ਦੀ ਤਰੀਕ
10 ਫਰਵਰੀ 2021

ਲਾਭ ਕਾਮੇਂਗ ਹਾਈਡ੍ਰੋ ਪਾਵਰ ਪ੍ਰੋਜੈਕਟ ਦੇ ਕਾਰਨ ਅਰੁਣਾਚਲ ਪ੍ਰਦੇਸ਼ ਦੇਸ਼ ਦਾ ਪਾਵਰ-ਸਰਪਲੱਸ ਰਾਜ ਬਣ ਗਿਆ। ਇਹੀ ਨਹੀਂ, ਉਹ ਰੀਜਨਲ ਅਤੇ ਨੈਸ਼ਨਲ ਗ੍ਰਿਡ ਨੂੰ ਸਰਪਲੱਸ ਬਿਜਲੀ ਸਪਲਾਈ ਕਰਨ ਲੱਗਿਆ।

ਪ੍ਰੋਜੈਕਟ

ਪਾਰੇ ਹਾਈਡ੍ਰੋਇਲੈਕਟ੍ਰਿਕ ਪਾਵਰ (110 ਮੈਗਾਵਾਟ) ਨੀਪਕੋ ਲਿਮਿਟੇਡ

ਮਨਜ਼ੂਰੀ
26 ਨਵੰਬਰ 2008

ਪ੍ਰਗਤੀ ਮੰਚ 'ਤੇ ਸਮੀਖਿਆ
27 ਦਸੰਬਰ 2015

ਰੁਕਾਵਟ: ਵਣ, ਜੰਗਲੀ ਜੀਵ, ਵਾਤਾਵਰਣ ਅਤੇ ਰਾਈਟ ਆਫ ਵੇਅ ਨਾਲ ਜੁੜੀਆਂ ਸਮੱਸਿਆਵਾਂ।

ਲਾਗਤ
1656.74 ਕਰੋੜ ਰੁਪਏ

ਪੂਰਾ ਹੋਣ ਦੀ ਤਰੀਕ
24 ਮਈ 2018

ਲਾਭ ਉੱਤਰ-ਪੂਰਬ ਦੇ ਸੈਵਨ ਸਿਸਟਰਸ ਰਾਜਾਂ ਦੀ ਹਾਈਡ੍ਰੋ ਪਾਵਰ ਸਮਰੱਥਾ ਵਿੱਚ ਵੱਡਾ ਪਰਿਵਰਤਨ। ਸਵੱਛ ਊਰਜਾ ਦੇ ਜ਼ਰੀਏ ਭਾਰਤ ਦੇ ਵੱਡੇ ਟੀਚੇ ਨੂੰ ਪੂਰਾ ਕਰਨ ਵਿੱਚ ਮਦਦ।

ਪ੍ਰੋਜੈਕਟ

ਜੈਪੁਰ-ਸੀਕਰ-ਚੁਰੂ ਗੇਜ ਕਨਵਰਜ਼ਨ

ਮਨਜ਼ੂਰੀ
2008-09

ਪ੍ਰਗਤੀ ਮੰਚ 'ਤੇ ਸਮੀਖਿਆ
28 ਸਤੰਬਰ 2016

ਰੁਕਾਵਟ: ਵਣ, ਜੰਗਲੀ ਜੀਵ, ਵਾਤਾਵਰਣ

ਲਾਗਤ
1,222 ਕਰੋੜ ਰੁਪਏ

ਪੂਰਾ ਹੋਣ ਦੀ ਮਿਤੀ
25 ਅਪ੍ਰੈਲ 2019

ਲਾਭ 1,500 ਮੀਟਰ ਤੱਕ ਲੰਬਾਈ ਵਾਲੀਆਂ ਟ੍ਰੇਨਾਂ ਦੇ ਸੰਚਾਲਨ ਨੂੰ ਸਮਰੱਥ ਬਣਾਇਆ। ਪ੍ਰਤੀ ਟ੍ਰੇਨ ਮਾਲ ਢੁਆਈ ਸਮਰੱਥਾ ਲਗਭਗ 5,000 ਮੀਟ੍ਰਿਕ ਟਨ ਤੋਂ ਵਧ ਕੇ ਲਗਭਗ 13,000 ਮੀਟ੍ਰਿਕ ਟਨ ਹੋ ਗਈ।

ਜਬਲਪੁਰ-ਗੋਂਦਿਆ 285 ਕਿਲੋਮੀਟਰ ਗੇਜ ਪਰਿਵਰਤਨ

ਮਨਜ਼ੂਰੀ
17 ਜਨਵਰੀ 2003

ਪ੍ਰਗਤੀ ਮੰਚ 'ਤੇ ਸਮੀਖਿਆ
23 ਮਾਰਚ 2016

ਰੁਕਾਵਟ: ਜ਼ਮੀਨ ਪ੍ਰਾਪਤੀ, ਵਣ, ਜੰਗਲੀ ਜੀਵ ਅਤੇ ਵਾਤਾਵਰਣ ਕਲੀਅਰੈਂਸ ਨਾਲ ਜੁੜੀਆਂ ਸਮੱਸਿਆਵਾਂ।

ਲਾਗਤ
1,990.98 ਕਰੋੜ ਰੁਪਏ

ਪੂਰਾ ਹੋਣ ਦੀ ਮਿਤੀ
21 ਮਾਰਚ 2021

ਲਾਭ ਇਹ ਪ੍ਰੋਜੈਕਟ ਜਬਲਪੁਰ ਤੋਂ ਵੱਡੇ ਮੈਟ੍ਰੋ ਸ਼ਹਿਰਾਂ ਤੱਕ ਬਿਨਾ ਕਿਸੇ ਟ੍ਰਾਂਸਸ਼ਿਪਮੈਂਟ ਦੇ ਪੈਸੇਂਜਰ ਅਤੇ ਮਾਲ ਢੁਆਈ ਦੀ ਅਸਾਨ ਕਨੈਕਟੀਵਿਟੀ ਦਿੰਦਾ ਹੈ, ਜਿਸ ਨਾਲ ਯਾਤਰਾ ਦਾ ਸਮਾਂ ਅਤੇ ਲੌਜਿਸਟਿਕਸ ਦਾ ਖਰਚ ਘੱਟ ਹੁੰਦਾ ਹੈ। ਇਹ ਪੂਰਬੀ ਮੱਧ ਪ੍ਰਦੇਸ਼ ਦੇ ਆਦਿਵਾਸੀ ਅਤੇ ਜੰਗਲੀ ਇਲਾਕਿਆਂ ਦੇ ਲਈ ਬਜ਼ਾਰਾਂ, ਹੈਲਥਕੇਅਰ, ਸਿੱਖਿਆ ਅਤੇ ਜ਼ਿਲ੍ਹਾ ਹੱਬ ਤੱਕ ਪਹੁੰਚ ਨੂੰ ਵਧਾਉਂਦਾ ਹੈ।

ਪ੍ਰੋਜੈਕਟ

2.5 ਐੱਮਐੱਮਟੀ ਪਾਦੁਰ ਰਣਨੀਤਿਕ ਕੱਚੇ ਤੇਲ ਦਾ ਭੰਡਾਰ

ਮਨਜ਼ੂਰੀ
7 ਜਨਵਰੀ 2004

ਪ੍ਰਗਤੀ ਮੰਚ 'ਤੇ ਸਮੀਖਿਆ
22 ਅਪ੍ਰੈਲ, 2015 ਅਤੇ 23 ਮਾਰਚ, 2016

ਰੁਕਾਵਟ: ਰਾਈਟ ਟੂ ਯੂਜ਼ ਅਤੇ ਰਾਈਟ ਆਫ ਵੇਅ ਨਾਲ ਸਬੰਧਤ

ਲਾਗਤ
7,581 ਕਰੋੜ ਰੁਪਏ

ਪੂਰਾ ਹੋਣ ਦੀ ਮਿਤੀ
31 ਦਸੰਬਰ 2018

ਲਾਭ ਪਾਦੁਰ ਐੱਸਪੀਆਰ ਦੇ ਚਾਲੂ ਹੋਣ ਨਾਲ ਨਾ ਸਿਰਫ਼ ਸਮਾਜਿਕ ਆਰਥਿਕ ਫਾਇਦੇ ਹੋਏ ਸਗੋਂ ਇਸ ਦਾ ਰਣਨੀਤਿਕ ਮਹੱਤਵ ਵੀ ਹੈ। ਇਸ ਨਾਲ ਕੱਚੇ ਤੇਲ ਦੀ ਸਪਲਾਈ ਵਿੱਚ ਰੁਕਾਵਟ ਅਤੇ ਐਮਰਜੈਂਸੀ ਨਾਲ ਨਜਿੱਠਣ ਦੀ ਭਾਰਤ ਦੀ ਸਮਰੱਥਾ ਮਜ਼ਬੂਤ ਹੋਈ ਹੈ।

ਪ੍ਰੋਜੈਕਟ

ਕੁਡਨਕੁਲਮ-ਏਪੀਪੀ ਟ੍ਰਾਂਸਮਿਸ਼ਨ ਸਿਸਟਮ

ਮਨਜ਼ੂਰੀ
12 ਮਈ 2005

ਪ੍ਰਗਤੀ ਮੰਚ 'ਤੇ ਸਮੀਖਿਆ
04 ਨਵੰਬਰ 2015

ਰੁਕਾਵਟ: ਰਾਈਟ ਆਫ ਵੇਅ ਅਤੇ ਰਾਈਟ ਆਫ ਯੂਜ਼ ਸਮੇਤ ਹੋਰ ਸਮੱਸਿਆਵਾਂ

ਲਾਗਤ
2,577.23 ਕਰੋੜ

ਪੂਰਾ ਹੋਣ ਦੀ ਮਿਤੀ
31 ਦਸੰਬਰ 2019

ਲਾਭ ਸਵੱਛ ਪਰਮਾਣੂ ਊਰਜਾ ਨੂੰ ਹੁਲਾਰਾ ਦੇ ਕੇ ਬਿਜਲੀ ਗ੍ਰਿਡ ਦੀ ਭਰੋਸੇਯੋਗਤਾ ਅਤੇ ਊਰਜਾ ਸੁਰੱਖਿਆ ਵਿੱਚ ਸੁਧਾਰ ਕੀਤਾ ਅਤੇ ਮਹਿੰਗੀ ਬਿਜਲੀ ਖਰੀਦ ਨੂੰ ਘੱਟ ਕੀਤਾ। ਭਾਰਤ ਦੀ ਕਾਰਬਨ ਨਿਕਾਸੀ ਘੱਟ ਕਰਨ ਦੇ ਟੀਚਿਆਂ ਦਾ ਸਮਰਥਨ ਕੀਤਾ। ਨਾਲ ਹੀ ਖੇਤਰੀ ਆਰਥਿਕ ਵਿਕਾਸ ਨੂੰ ਹੁਲਾਰਾ ਦੇ ਕੇ ਭਾਈਚਾਰੇ ਦਾ ਭਰੋਸਾ ਵਧਾਇਆ।

ਪ੍ਰੋਜੈਕਟ

ਬੇਂਬਲਾ ਸਿੰਚਾਈ

ਮਨਜ਼ੂਰੀ
2 ਅਪ੍ਰੈਲ 2007

ਪ੍ਰਗਤੀ ਮੰਚ 'ਤੇ ਸਮੀਖਿਆ
25 ਅਕਤੂਬਰ 2023

ਰੁਕਾਵਟ: ਜ਼ਮੀਨ ਪ੍ਰਾਪਤੀ, ਫਾਇਨੈਂਸ਼ੀਅਲ ਸਮੱਸਿਆ

ਲਾਗਤ
2,685.41 ਕਰੋੜ

ਪੂਰਾ ਹੋਣ ਦੀ ਮਿਤੀ
30 ਜੂਨ 2025

ਲਾਭ ਇਸ ਪ੍ਰੋਜੈਕਟ ਦੇ ਕਾਰਨ ਸੋਕੇ ਦੀ ਸੰਭਾਵਨਾ ਵਾਲੇ ਇਲਾਕੇ ਵਿੱਚ ਖੇਤੀ ਅਨਿਸ਼ਚਿਤਤਾ ਦੂਰ ਹੋਈ। ਫਸਲਾਂ ਦੀ ਘਣਤਾ ਵਧੀ ਅਤੇ ਮੀਂਹ 'ਤੇ ਨਿਰਭਰਤਾ ਘੱਟ ਹੋਈ।

ਸ਼ਹਿਰੀ ਕਨੈਕਟੀਵਿਟੀ ਨੂੰ ਨਵੀਂ ਗਤੀ ਅਤੇ ਸ਼ਹਿਰੀ ਚੁਣੌਤੀ ਫੰਡ ਸ਼ੁਰੂ ਕਰਨ ਨੂੰ ਮਨਜ਼ੂਰੀ

ਕੇਂਦਰ ਸਰਕਾਰ ਰੇਲ, ਸੜਕ, ਮੈਟ੍ਰੋ, ਹਰ ਖੇਤਰ ਵਿੱਚ ਕਨੈਕਟੀਵਿਟੀ ਨੂੰ ਨਵੀਂ ਗਤੀ ਦੇ ਕੇ 'ਵਿਕਸਿਤ ਭਾਰਤ' ਦੀ ਮਜ਼ਬੂਤ ਨੀਂਹ ਰੱਖ ਰਹੀ ਹੈ। ਇਸੇ ਕੜੀ ਵਿੱਚ ਦਿੱਲੀ, ਹਰਿਆਣਾ, ਮਹਾਰਾਸ਼ਟਰ, ਕਰਨਾਟਕ ਵਿੱਚ ਰੇਲਵੇ ਲਾਈਨਾਂ ਦੇ ਵਿਸਤਾਰ, ਗੁਜਰਾਤ ਦੇ ਐੱਨਐੱਚ-56, ਮਹਾਰਾਸ਼ਟਰ ਦੇ ਐੱਨਐੱਚ-160ਏ ਅਤੇ ਤੇਲੰਗਾਨਾ ਵਿੱਚ ਐੱਨਐੱਚ-167 ਦੇ ਚੌੜੀਕਰਣ ਦੇ ਨਾਲ-ਨਾਲ ਨੋਇਡਾ ਸੈਕਟਰ-142 ਤੋਂ ਬੋਟੈਨਿਕਲ ਗਾਰਡਨ ਤੱਕ ਮੈਟ੍ਰੋ ਐਕਸਟੈਂਸ਼ਨ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ। ਨਾਲ ਹੀ, ਸਟਾਰਟਅੱਪ ਫੰਡ, 1 ਲੱਖ ਕਰੋੜ ਰੁਪਏ ਦੇ ਅਰਬਨ ਚੈਲੇਂਜ ਫੰਡ ਅਤੇ ਬ੍ਰਹਮਪੁੱਤਰ ਅੰਡਰਵਾਟਰ ਟਨਲ ਸਮੇਤ ਕਈ ਮਹੱਤਵਪੂਰਨ ਪ੍ਰਸਤਾਵਾਂ ਨੂੰ ਵੀ ਦਿੱਤੀ ਗਈ ਮਨਜ਼ੂਰੀ...

ਫੈਸਲੇ: ਅਸਾਮ ਵਿੱਚ ਬ੍ਰਹਮਪੁੱਤਰ ਨਦੀ ਦੇ ਹੇਠਾਂ ਦੋ ਲੇਨ ਵਾਲੀ ਟਵਿਨ ਟਿਊਬ ਟੀਬੀਐੱਮ ਰੋਡ ਅਤੇ ਇੱਕ ਟਿਊਬ ਵਿੱਚ ਰੇਲਵੇ ਦੇ ਬੁਨਿਆਦੀ ਢਾਂਚੇ ਦੇ ਪ੍ਰਾਵਧਾਨ ਦੇ ਨਾਲ ਨਦੀ ਦੇ ਹੇਠਾਂ ਇੱਕ ਸੁਰੰਗ ਨਿਰਮਾਣ ਨੂੰ ਮਨਜ਼ੂਰੀ। ਇਸ ਦੀ ਕੁੱਲ ਲੰਬਾਈ 33.7 ਕਿਲੋਮੀਟਰ।

ਪ੍ਰਭਾਵ: ਇਹ ਭਾਰਤ ਦੀ ਪਹਿਲੀ ਅਤੇ ਵਿਸ਼ਵ ਦੀ ਦੂਜੀ ਪਣਡੁੱਬੀ ਸੜਕ-ਸਹਿ-ਰੇਲ ਸੁਰੰਗ ਹੋਵੇਗੀ। ਇਸ ਪ੍ਰੋਜੈਕਟ ਨਾਲ ਅਸਾਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ ਅਤੇ ਹੋਰ ਉੱਤਰ-ਪੂਰਬੀ ਰਾਜਾਂ ਨੂੰ ਮਹੱਤਵਪੂਰਨ ਲਾਭ ਮਿਲੇਗਾ। ਇਸ ਨਾਲ ਮਾਲ ਢੁਆਈ ਦੀ ਕੁਸ਼ਲਤਾ ਵਧੇਗੀ, ਲੌਜਿਸਟਿਕਸ ਲਾਗਤ ਘੱਟ ਹੋਵੇਗੀ। ਖੇਤਰ ਵਿੱਚ ਸਮਾਜਿਕ-ਆਰਥਿਕ ਵਿਕਾਸ ਨੂੰ ਗਤੀ ਮਿਲੇਗੀ। ਪ੍ਰੋਜੈਕਟ ਪੂਰਾ ਹੋਣ 'ਤੇ ਇਹ ਰਣਨੀਤਿਕ ਦ੍ਰਿਸ਼ਟੀਕੋਣ ਨਾਲ ਮਹੱਤਵਪੂਰਨ ਹੋਵੇਗਾ। ਨਾਲ ਹੀ ਇਸ ਨਾਲ ਖੇਤਰੀ ਆਰਥਿਕ ਵਿਕਾਸ, ਪ੍ਰਮੁੱਖ ਆਰਥਿਕ ਕੇਂਦਰਾਂ ਦਰਮਿਆਨ ਸੰਪਰਕ, ਵਪਾਰ ਅਤੇ ਉਦਯੋਗਿਕ ਵਿਕਾਸ ਦੇ ਵੀ ਨਵੇਂ ਦੁਆਰ ਖੁੱਲ੍ਹਣਗੇ। ਇਹ ਪ੍ਰੋਜੈਕਟ ਲਗਭਗ 80 ਲੱਖ ਮਨੁੱਖੀ-ਦਿਨਾਂ ਦਾ ਪ੍ਰਤੱਖ ਅਤੇ ਅਪ੍ਰਤੱਖ ਰੁਜ਼ਗਾਰ ਸਿਰਜੇਗਾ।

ਫੈਸਲੇ: ਦਿੱਲੀ, ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਦੇ 12 ਜ਼ਿਲ੍ਹਿਆਂ ਵਿੱਚ ਵਾਧੂ ਪਟਰੀਆਂ ਵਿਛਾਉਣ ਦੇ ਤਿੰਨ ਪ੍ਰੋਜੈਕਟਾਂ ਨੂੰ ਮਨਜ਼ੂਰੀ।

ਪ੍ਰਭਾਵ: ਭਾਰਤੀ ਰੇਲਵੇ ਦਾ ਮੌਜੂਦਾ ਨੈੱਟਵਰਕ ਲਗਭਗ 389 ਕਿਲੋਮੀਟਰ ਵਧੇਗਾ। ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਲਗਭਗ 18,509 ਕਰੋੜ ਰੁਪਏ ਹੈ। ਇਹ 2030-31 ਤੱਕ ਪੂਰਾ ਹੋਵੇਗਾ। ਇਸ ਦੌਰਾਨ ਲਗਭਗ 2.65 ਕਰੋੜ ਮਨੁੱਖੀ ਦਿਨਾਂ ਦਾ ਰੁਜ਼ਗਾਰ ਪੈਦਾ ਹੋਵੇਗਾ। ਇਸ ਪਹਿਲ ਨਾਲ ਯਾਤਰਾ ਵਿੱਚ ਅਸਾਨੀ ਹੋਵੇਗੀ, ਲੌਜਿਸਟਿਕ ਲਾਗਤ ਘੱਟ ਹੋਵੇਗੀ। ਤੇਲ ਦਾ ਆਯਾਤ ਅਤੇ ਕਾਰਬਨ ਨਿਕਾਸੀ ਘੱਟ ਹੋਵੇਗੀ। ਨਾਲ ਹੀ ਸਥਾਈ ਅਤੇ ਸਮਰੱਥ ਰੇਲ ਸੰਚਾਲਨ ਵਿੱਚ ਸਹਿਯੋਗ ਮਿਲੇਗਾ।

ਫੈਸਲੇ: ਬਜ਼ਾਰ ਅਧਾਰਿਤ ਸ਼ਹਿਰੀ ਪਰਿਵਰਤਨ ਨੂੰ ਗਤੀ ਦੇਣ ਦੇ ਲਈ ਇੱਕ ਲੱਖ ਕਰੋੜ ਰੁਪਏ ਦੀ ਸ਼ਹਿਰੀ ਚੁਣੌਤੀ ਫੰਡ ਨੂੰ ਮਨਜ਼ੂਰੀ।

ਪ੍ਰਭਾਵ: ਸ਼ਹਿਰੀ ਚੁਣੌਤੀ ਫੰਡ ਉੱਚ ਗੁਣਵੱਤਾ ਵਾਲੇ ਸ਼ਹਿਰੀ ਬੁਨਿਆਦੀ ਢਾਂਚੇ ਦੇ ਨਿਰਮਾਣ ਦੇ ਲਈ ਬਜ਼ਾਰ ਵਿੱਤ, ਨਿਜੀ ਭਾਗੀਦਾਰੀ

ਫੈਸਲੇ: ਭਾਰਤ ਦੇ ਵਧਦੇ ਸਟਾਰਟਅੱਪ ਈਕੋਸਿਸਟਮ ਨੂੰ ਵੱਡਾ ਪ੍ਰੋਤਸਾਹਨ ਦਿੰਦੇ ਹੋਏ ਸਟਾਰਟਅੱਪ ਇੰਡੀਆ ਫੰਡ ਆਫ ਫੰਡਸ 2.0 (ਸਟਾਰਟਅੱਪ ਇੰਡੀਆ ਐੱਫਓਐੱਫ 2.0) ਦੀ ਸਥਾਪਨਾ ਨੂੰ ਮਨਜ਼ੂਰੀ।

ਪ੍ਰਭਾਵ: ਇਸ ਦੇ ਲਈ ਕੁੱਲ 10,000 ਕਰੋੜ ਰੁਪਏ ਦਾ ਫੰਡ ਅਲਾਟ ਕੀਤਾ ਗਿਆ ਹੈ। ਇਸ ਦਾ ਉਦੇਸ਼ ਦੇਸ਼ ਦੇ ਸਟਾਰਟਅੱਪ ਈਕੋਸਿਸਟਮ ਦੇ ਲਈ ਵੈਂਚਰ ਕੈਪੀਟਲ ਜੁਟਾਉਣਾ ਹੈ। ਯੋਜਨਾ ਬਣਾਉਣ ਦਾ ਉਦੇਸ਼ ਦੀਰਘਕਾਲੀ ਘਰੇਲੂ ਪੂੰਜੀ ਜੁਟਾ ਕੇ, ਵੈਂਚਰ ਕੈਪੀਟਲ ਈਕੋਸਿਸਟਮ ਨੂੰ ਮਜ਼ਬੂਤ ਕਰਨਾ ਹੈ। ਨਾਲ ਹੀ ਦੇਸ਼ ਭਰ ਵਿੱਚ ਨਵੀਨਤਾ-ਅਧਾਰਿਤ ਉੱਦਮਤਾ ਨੂੰ ਸਮਰਥਨ ਦੇ ਕੇ ਭਾਰਤ ਦੇ ਸਟਾਰਟਅੱਪ ਸਫਰ ਦੇ ਅਗਲੇ ਪੜਾਅ ਨੂੰ ਰਫ਼ਤਾਰ ਦੇਣਾ ਹੈ। ਸਟਾਰਟਅੱਪ ਇੰਡੀਆ ਪਹਿਲ ਦੇ ਤਹਿਤ ਸ਼ੁਰੂ ਕੀਤੀ ਗਈ ਸਟਾਰਟਅੱਪ ਇੰਡੀਆ ਐੱਫਓਐੱਫ 2.0, ਭਾਰਤ ਨੂੰ ਦੁਨੀਆ ਦੇ ਮੋਹਰੀ ਸਟਾਰਟਅੱਪ ਦੇਸ਼ਾਂ ਵਿੱਚੋਂ ਇੱਕ ਬਣਾਉਣ ਦੇ ਲਈ ਲਗਭਗ ਇੱਕ ਦਹਾਕੇ ਤੋਂ ਕੀਤੇ ਜਾ ਰਹੇ ਲਗਾਤਾਰ ਯਤਨਾਂ ਦਾ ਨਤੀਜਾ ਹੈ।

ਅਤੇ ਨਾਗਰਿਕ-ਕੇਂਦ੍ਰਿਤ ਸੁਧਾਰਾਂ ਦਾ ਲਾਭ ਉਠਾਏਗਾ। ਇਸ ਫੰਡ ਦਾ ਉਦੇਸ਼ ਲਚੀਲੇ, ਉਤਪਾਦਕ, ਸਮਾਵੇਸ਼ੀ ਅਤੇ ਜਲਵਾਯੂ-ਅਨੁਕੂਲ ਸ਼ਹਿਰਾਂ ਦਾ ਨਿਰਮਾਣ ਕਰਨਾ ਹੈ ਤਾਂ ਜੋ ਇਹ ਸ਼ਹਿਰ ਦੇਸ਼ ਦੇ ਆਰਥਿਕ ਵਿਕਾਸ ਦੇ ਅਗਲੇ ਪੜਾਅ ਦੇ ਪ੍ਰਮੁੱਖ ਵਾਹਕ ਬਣ ਸਕਣ। ਇਹ ਫੰਡ ਵਿੱਤ ਵਰ੍ਹੇ 2025-26 ਤੋਂ ਵਿੱਤ ਵਰ੍ਹੇ 2030-31 ਤੱਕ ਸੰਚਾਲਨ ਵਿੱਚ ਰਹੇਗਾ, ਜਿਸ ਦੀ ਲਾਗੂਕਰਨ ਮਿਆਦ ਵਿੱਤ ਵਰ੍ਹੇ 2033-34 ਤੱਕ ਵਧਾਈ ਜਾ ਸਕਦੀ ਹੈ।

> “ ਕੈਬਨਿਟ ਨੇ ਗੋਰਖਪੁਰ ਅਤੇ ਨੁਮਾਲੀਗੜ੍ਹ ਦਰਮਿਆਨ ਇੱਕ 4-ਲੇਨ ਐਕਸੈੱਸ-ਕੰਟ੍ਰੋਲਡ ਗ੍ਰੀਨ ਫੀਲਡ ਕੌਰੀਡੋਰ ਨੂੰ ਵੀ ਮਨਜ਼ੂਰੀ ਦਿੱਤੀ ਹੈ। ਇਸ ਵਿੱਚ ਬ੍ਰਹਮਪੁੱਤਰ ਦੇ ਹੇਠਾਂ ਭਾਰਤ ਦੀ ਪਹਿਲੀ ਅੰਡਰਵਾਟਰ ਰੋਡ-ਸਹਿ-ਰੇਲ ਸੁਰੰਗ ਸ਼ਾਮਲ ਹੈ। ਇਹ ਪਰਿਵਰਤਨਕਾਰੀ ਪ੍ਰੋਜੈਕਟ ਅਸਾਮ ਅਤੇ ਪੂਰੇ ਉੱਤਰ-ਪੂਰਬ ਵਿੱਚ ਕਨੈਕਟੀਵਿਟੀ ਵਧਾਏਗਾ, ਲੌਜਿਸਟਿਕ ਲਾਗਤ ਘੱਟ ਕਰੇਗੀ ਅਤੇ ਵਿਕਾਸ ਨੂੰ ਗਤੀ ਦੇਵੇਗੀ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਫੈਸਲੇ: ਨੌਰਥ ਬਲੌਕ ਅਤੇ ਸਾਉਥ ਬਲੌਕ ਤੋਂ 'ਸੇਵਾ ਤੀਰਥ' ਅਤੇ 'ਕਰਤਵਯ ਭਵਨਾਂ' ਵਿੱਚ ਟ੍ਰਾਂਸਫਰ ਦੇ ਪ੍ਰਸਤਾਵ ਨੂੰ ਪ੍ਰਵਾਨਗੀ। 'ਯੁਗੇ ਯੁਗੀਨ ਭਾਰਤ' ਰਾਸ਼ਟਰੀ ਸੰਗ੍ਰਹਾਲਯ ਦੇ ਲਈ ਰਾਹ ਪੱਧਰਾ।

ਪ੍ਰਭਾਵ: 13 ਫਰਵਰੀ, 2026 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵਾਂ ਪ੍ਰਧਾਨ ਮੰਤਰੀ ਦਫ਼ਤਰ ਜਿਸ ਨੂੰ ਹੁਣ 'ਸੇਵਾ ਤੀਰਥ' ਦੇ ਨਾਂ ਨਾਲ ਜਾਣਿਆ ਜਾਵੇਗਾ, ਰਾਸ਼ਟਰ ਨੂੰ ਸਮਰਪਿਤ ਕੀਤਾ। ਸਾਉਥ ਬਲੌਕ ਦੇ ਉਸ ਕਮਰੇ ਵਿੱਚ 13 ਫਰਵਰੀ ਨੂੰ ਆਖਰੀ ਵਾਰ ਕੇਂਦਰੀ ਕੈਬਨਿਟ ਦੀ ਮੀਟਿੰਗ ਹੋਈ। ਇਹ ਸਿਰਫ਼ ਥਾਂ ਬਦਲਣ ਦਾ ਪਲ ਨਹੀਂ ਸਗੋਂ ਉਹ ਇਤਿਹਾਸ ਅਤੇ ਭਵਿੱਖ ਦੇ ਸੰਗਮ ਦਾ ਵੀ ਪਲ ਬਣਿਆ। ਨਾਲ ਹੀ ਕੇਂਦਰੀ ਕੈਬਨਿਟ ਨੇ ਇਹ ਸੰਕਲਪ ਵੀ ਲਿਆ ਕਿ ਨੌਰਥ ਅਤੇ ਸਾਉਥ ਬਲੌਕ ਨੂੰ 'ਯੁਗੇ ਯੁਗੀਨ ਭਾਰਤ ਰਾਸ਼ਟਰੀ ਸੰਗ੍ਰਹਾਲਯ' ਦਾ ਹਿੱਸਾ ਬਣਾਇਆ ਜਾਵੇ, ਜੋ ਸਾਡੀ ਹਜ਼ਾਰਾਂ ਵਰ੍ਹਿਆਂ ਪੁਰਾਣੀ ਸੱਭਿਅਤਾ ਨਾਲ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ। ਇਹ ਸੰਗ੍ਰਹਾਲਯ, ਸਾਡੀ ਕਾਲਾਤੀਤ ਅਤੇ ਸਦੀਵੀ ਸੱਭਿਆਚਾਰਕ ਵਿਰਾਸਤ ਦੇ ਉਤਸਵ ਦਾ ਪ੍ਰਤੀਕ ਹੋਵੇਗਾ ਅਤੇ ਸਾਡੇ ਸ਼ਾਨਦਾਰ ਅਤੀਤ ਨੂੰ ਸਮ੍ਰਿੱਧ ਭਵਿੱਖ ਨਾਲ ਜੋੜੇਗਾ।

ਫੈਸਲੇ: ਮਹਾਰਾਸ਼ਟਰ ਵਿੱਚ ਐੱਨਐੱਚ-160ਏ ਦੇ ਘੋਟੀ-ਤ੍ਰਿੰਬਕ (ਮੋਖਾਦਾ)-ਜਵ੍ਹਾਰ-ਮਨੋਰ-ਪਾਲਘਰ ਸੈਕਸ਼ਨ ਦੇ ਪੁਨਰਵਿਕਾਸ ਅਤੇ ਅੱਪਗ੍ਰੇਡੇਸ਼ਨ ਨੂੰ ਮਨਜ਼ੂਰੀ। ਇਸ ਨੂੰ ਪੱਕੀ ਉੱਪ-ਸੜਕ ਦੇ ਨਾਲ 2 ਲੇਨ/4 ਲੇਨ ਦੇ ਰੂਪ ਵਿੱਚ ਬਣਾਇਆ ਜਾਵੇਗਾ।

ਪ੍ਰਭਾਵ: ਇਸ ਦੀ ਕੁੱਲ ਲੰਬਾਈ 154.635 ਕਿਲੋਮੀਟਰ ਅਤੇ ਕੁੱਲ ਪੂੰਜੀਗਤ ਲਾਗਤ 3,320.38 ਕਰੋੜ ਰੁਪਏ ਹੈ। ਇਹ ਨਿਰਮਾਣ ਕਾਰਜ-ਇੰਜੀਨੀਅਰਿੰਗ, ਖਰੀਦ ਅਤੇ ਨਿਰਮਾਣ ਮੋਡ ਵਿੱਚ ਪੂਰਾ ਕੀਤਾ ਜਾਵੇਗਾ। ਪ੍ਰੋਜੈਕਟ ਦੇ ਪੂਰਾ ਹੋਣ 'ਤੇ ਇਹ ਸੁਚਾਰੂ ਅਤੇ ਸੁਰੱਖਿਅਤ ਆਵਾਜਾਈ ਯਕੀਨੀ ਬਣਾਵੇਗਾ। ਨਾਲ ਹੀ, ਯਾਤਰਾ ਸਮੇਂ ਵਿੱਚ ਮਹੱਤਵਪੂਰਨ ਕਮੀ ਆਵੇਗੀ। ਇਸ ਦੇ ਇਲਾਵਾ, ਪ੍ਰੋਜੈਕਟ ਦੇ ਲਾਗੂਕਰਨ ਨਾਲ ਕਬਾਇਲੀ ਖੇਤਰ ਵਿੱਚ ਇਨਫ੍ਰਾਸਟ੍ਰਕਚਰ ਵਿੱਚ ਸੁਧਾਰ ਹੋਵੇਗਾ। ਅੰਦਾਜ਼ਾ ਹੈ ਕਿ ਇਸ ਪ੍ਰੋਜੈਕਟ ਨਾਲ ਲਗਭਗ 19.98 ਲੱਖ ਮਨੁੱਖੀ-ਦਿਨਾਂ ਦਾ ਪ੍ਰਤੱਖ ਰੁਜ਼ਗਾਰ ਅਤੇ 24.86 ਲੱਖ ਮਨੁੱਖੀ-ਦਿਨਾਂ ਦਾ ਅਪ੍ਰਤੱਖ ਰੁਜ਼ਗਾਰ ਪੈਦਾ ਹੋਵੇਗਾ।

ਕੈਬਨਿਟ ਦੇ ਫੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਫੈਸਲੇ: ਨੋਇਡਾ ਸੈਕਟਰ 142 ਤੋਂ ਬੌਟੈਨਿਕਲ ਗਾਰਡਨ (ਨੋਇਡਾ) ਤੱਕ 11.56 ਕਿਲੋਮੀਟਰ ਲੰਬੇ ਅਤੇ 8 ਸਟੇਸ਼ਨਾਂ ਵਾਲੇ ਵਿਸਤਾਰ ਗਲਿਆਰੇ ਨੂੰ ਸਵੀਕ੍ਰਿਤੀ।

ਪ੍ਰਭਾਵ: ਇਸ ਵਿੱਚ 8 ਐਲੀਵੇਟਿਡ ਸਟੇਸ਼ਨ ਹੋਣਗੇ। ਇਸ ਗਲਿਆਰੇ ਦੇ ਚਾਲੂ ਹੋਣ 'ਤੇ ਨੋਇਡਾ ਅਤੇ ਗ੍ਰੇਟਰ ਨੋਇਡਾ ਵਿੱਚ 61.62 ਕਿਲੋਮੀਟਰ ਦਾ ਸਰਗਰਮ ਮੈਟ੍ਰੋ ਰੇਲ ਨੈੱਟਵਰਕ ਹੋ ਜਾਵੇਗਾ। ਇਸ ਤੋਂ ਇਲਾਵਾ ਇਹ ਗਲਿਆਰਾ ਬੌਟੈਨਿਕਲ ਗਾਰਡਨ (ਬਲੂ ਲਾਈਨ) ਅਤੇ ਮੈਜੇਂਟਾ ਲਾਈਨ 'ਤੇ ਇੰਟਰਚੇਂਜ ਸਮੇਤ ਵੱਧ ਤੋਂ ਵੱਧ ਮੰਗ ਵਾਲੇ ਗਲਿਆਰਿਆਂ ਦੇ ਨਾਲ ਸਿੱਧਾ ਸੰਪਰਕ ਸੁਵਿਧਾ ਵੀ ਪ੍ਰਦਾਨ ਕਰੇਗਾ।

ਫੈਸਲੇ: ਗੁਜਰਾਤ ਵਿੱਚ ਰਾਸ਼ਟਰੀ ਰਾਜਮਾਰਗ-56 ਦੇ ਧਮਾਸਿਆ-ਬਿਟਾਡਾ/ਮੋਵੀ ਅਤੇ ਨਾਸਰਪੁਰ-ਮਾਲੋਥਾ ਸੈਕਸ਼ਨਾਂ ਨੂੰ 4 ਲੇਨ ਵਿੱਚ ਪਰਿਵਰਤਿਤ ਕਰਨ ਦੀ ਮਨਜ਼ੂਰੀ।

ਪ੍ਰਭਾਵ: ਇਸ ਪ੍ਰੋਜੈਕਟ ਦੀ ਕੁੱਲ ਲੰਬਾਈ 107.67 ਕਿਲੋਮੀਟਰ ਅਤੇ ਕੁੱਲ ਪੂੰਜੀ ਲਾਗਤ 4583.64 ਕਰੋੜ ਰੁਪਏ ਹੈ। ਇਹ ਪ੍ਰੋਜੈਕਟ ਰਾਸ਼ਟਰੀ ਰਾਜਮਾਰਗ (ਐੱਨਐੱਚ)-56 ਦਾ ਇੱਕ ਹਿੱਸਾ ਹੈ। ਇਹ 100 ਕਿਲੋਮੀਟਰ/ਘੰਟਾ ਦੀ ਗਤੀ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ, 70 ਕਿਲੋਮੀਟਰ/ਘੰਟਾ ਦੀ ਔਸਤ ਗਤੀ ਹੋਵੇਗੀ। ਇਸ ਨਾਲ ਯਾਤਰਾ ਦਾ ਸਮਾਂ 40 ਪ੍ਰਤੀਸ਼ਤ ਤੱਕ ਘੱਟ ਹੋ ਜਾਵੇਗਾ। ਸਮਾਂ 2.5 ਘੰਟੇ ਤੋਂ ਘਟ ਕੇ 1.5 ਘੰਟੇ ਹੋ ਜਾਵੇਗਾ। ਇਸ ਨਾਲ ਲਗਭਗ 19.38 ਲੱਖ ਮਨੁੱਖੀ-ਦਿਨਾਂ ਦਾ ਪ੍ਰਤੱਖ ਰੁਜ਼ਗਾਰ ਅਤੇ 22.82 ਲੱਖ ਮਨੁੱਖੀ-ਦਿਨਾਂ ਦਾ ਅਪ੍ਰਤੱਖ ਰੁਜ਼ਗਾਰ ਪੈਦਾ ਹੋਵੇਗਾ।

ਫੈਸਲੇ: ਤੇਲੰਗਾਨਾ ਵਿੱਚ ਹੈਦਰਾਬਾਦ-ਪਣਜੀ ਆਰਥਿਕ ਗਲਿਆਰੇ 'ਤੇ ਗੁਡੇਬੇਲੂਰ ਤੋਂ ਮਹਿਬੂਬਨਗਰ ਤੱਕ ਰਾਸ਼ਟਰੀ ਰਾਜਮਾਰਗ-167 ਨੂੰ ਚਾਰ-ਲੇਨ ਤੱਕ ਚੌੜਾ ਕਰਨ ਨੂੰ ਮਨਜ਼ੂਰੀ।

ਪ੍ਰਭਾਵ: ਇਸ ਪ੍ਰੋਜੈਕਟ ਦੀ ਕੁੱਲ ਲੰਬਾਈ 80.01 ਕਿਲੋਮੀਟਰ ਹੈ। ਇਸ ਦੀ ਕੁੱਲ ਪੂੰਜੀਗਤ ਲਾਗਤ 3,175.08 ਕਰੋੜ ਰੁਪਏ ਹੈ। ਇਹ ਪ੍ਰੋਜੈਕਟ ਰਾਸ਼ਟਰੀ ਰਾਜਮਾਰਗ (ਹੋਰ) ਯੋਜਨਾ ਦੇ ਤਹਿਤ ਹਾਈਬ੍ਰਿਡ ਐਨਿਊਟੀ ਮੋਡ 'ਤੇ ਲਾਗੂ ਕੀਤੀ ਜਾਵੇਗੀ। ਪ੍ਰੋਜੈਕਟ ਪੂਰਾ ਹੋਣ 'ਤੇ ਰਾਸ਼ਟਰੀ ਰਾਜਮਾਰਗ-167 ਖੇਤਰੀ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਪ੍ਰਮੁੱਖ ਧਾਰਮਿਕ ਅਤੇ ਆਰਥਿਕ ਕੇਂਦਰਾਂ ਦਰਮਿਆਨ ਸੰਪਰਕ ਮਜ਼ਬੂਤ ਹੋਵੇਗਾ। ਵਪਾਰ ਅਤੇ ਉਦਯੋਗਿਕ ਵਿਕਾਸ ਦੇ ਲਈ ਨਵੇਂ ਮੌਕੇ ਪੈਦਾ ਹੋਣਗੇ। ■

'ਪਰਿਕਸ਼ਾ ਪੇ ਚਰਚਾ 2026' ਪ੍ਰੋਗਰਾਮ ਦਾ ਐਪੀਸੋਡ-2

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮੰਤਰ ਪੜ੍ਹਾਈ ਅਤੇ ਕਲਾ ਦੋਵੇਂ ਉਪਯੋਗੀ

ਪਰਿਕਸ਼ਾ ਪੇ ਚਰਚਾ 2026 ਦਾ ਪ੍ਰੋਗਰਾਮ ਇਸ ਵਾਰ ਕੁਝ ਅਲੱਗ, ਕੁਝ ਖਾਸ ਰਿਹਾ। ਬਹੁਤ ਸਾਰੇ ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਲਾਹ ਦਿੱਤੀ ਸੀ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੀ ਪਰਿਕਸ਼ਾ ਪੇ ਚਰਚਾ ਹੋਣੀ ਚਾਹੀਦੀ ਹੈ। ਇਹੀ ਕਾਰਨ ਹੈ ਕਿ ਇਸ ਵਾਰ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੀ ਵਿਦਿਆਰਥੀਆਂ ਦੇ ਨਾਲ ਬੈਠ ਕੇ ਪਰਿਕਸ਼ਾ ਪੇ ਚਰਚਾ ਕੀਤੀ। 9 ਫਰਵਰੀ ਨੂੰ ਪਰਿਕਸ਼ਾ ਪੇ ਚਰਚਾ ਦੇ ਦੂਜੇ ਸਪੈਸ਼ਲ ਐਪੀਸੋਡ ਵਿੱਚ ਉਨ੍ਹਾਂ ਨੇ ਕੋਇੰਬਟੂਰ, ਰਾਏਪੁਰ, ਦੇਵਮੋਗਰਾ ਅਤੇ ਗੁਵਾਹਾਟੀ ਦੇ ਵਿਦਿਆਰਥੀਆਂ ਨਾਲ ਚਰਚਾ ਕੀਤੀ ਅਤੇ ਦਿੱਤੇ ਸਫਲਤਾ ਦੇ ਕਈ ਮੰਤਰ...

ਕਦੇ ਵੀ ਸ਼ੁਰੂ ਕਰ ਸਕਦੇ ਹਾਂ ਸਟਾਰਟਅੱਪ

ਜ਼ਰੂਰੀ ਨਹੀਂ, ਸਟਾਰਟਅੱਪ ਦੇ ਲਈ 25 ਸਾਲ ਦੀ ਉਮਰ ਹੋਵੇ, ਤੁਸੀਂ ਕਦੇ ਵੀ ਸ਼ੁਰੂ ਕਰ ਸਕਦੇ ਹੋ। ਛੋਟੇ-ਛੋਟੇ ਸਟਾਰਟਅੱਪ ਨਾਲ ਵੀ ਕੰਮ ਸ਼ੁਰੂ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਦਾ ਅਧਿਐਨ ਮੰਤਰ

ਪੜ੍ਹਾਈ ਅਤੇ ਸ਼ੌਕ ਦੋਵੇਂ ਹੀ ਉਪਯੋਗੀ ਹਨ। ਇਹ ਇੱਕ-ਦੂਸਰੇ ਦੇ ਪੂਰਕ ਹਨ। ਕਲਾ ਰਚਨਾਤਮਕਤਾ ਸਿੱਖਣ ਵਿੱਚ ਮਦਦ ਕਰ ਸਕਦੀ ਹੈ ਅਤੇ ਥਕਾਵਟ ਘੱਟ ਕਰ ਸਕਦੀ ਹੈ। ਸਿੱਖਿਆ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਆਪਣੀ ਵਿਅਕਤੀਗਤ ਦਿਲਚਸਪੀਆਂ ਦੇ ਲਈ ਵੀ ਸਮਾਂ ਕੱਢਣਾ ਜ਼ਰੂਰੀ ਹੈ।

ਵਿਕਸਿਤ ਭਾਰਤ ਵਿੱਚ ਨੌਜਵਾਨਾਂ ਦਾ ਯੋਗਦਾਨ

ਕਿਤੇ ਵੀ ਕੂੜਾ-ਕਚਰਾ ਸੁੱਟ ਦਿੱਤਾ, ਇਹ ਨਹੀਂ ਚਲ ਸਕਦਾ। ਹੁਣ ਇੱਥੇ ਰੈੱਡ ਲਾਈਟ ਹੈ, ਮੈਨੂੰ ਸਕੂਟਰ ਰੋਕ ਲੈਣਾ ਚਾਹੀਦਾ ਹੈ। ਅਸੀਂ ਪਰਿਵਾਰ ਵਿੱਚ ਤੈਅ ਕਰਾਂਗੇ ਕਿ ਖਾਣ ਤੋਂ ਬਾਅਦ ਕੁਝ ਵੀ ਜੂਠਾ ਨਾ ਛੱਡੀਏ। ਵੋਕਲ ਫੋਰ ਲੋਕਲ ਦੇ ਤਹਿਤ ਆਪਣੇ ਦੇਸ਼ ਦੀਆਂ ਚੀਜ਼ਾਂ ਖਰੀਦਾਂਗਾ। ਅਸੀਂ ਸਾਰੇ ਦੇਸ਼ ਦੇ ਨਾਗਰਿਕ ਛੋਟੀਆਂ-ਛੋਟੀਆਂ ਚੀਜ਼ਾਂ ਨੂੰ ਕਰੀਏ ਤਾਂ ਅਸੀਂ ਜ਼ਰੂਰ ਵਿਕਸਿਤ ਭਾਰਤ ਬਣਾਉਣ ਵਿੱਚ ਆਪਣੀ ਜ਼ਿੰਮੇਵਾਰੀ ਨਿਭਾ ਸਕਦੇ ਹਾਂ।

ਪ੍ਰੇਰਣਾ ਅਤੇ ਅਨੁਸ਼ਾਸਨ

ਜੀਵਨ ਵਿੱਚ ਪ੍ਰੇਰਣਾ ਅਤੇ ਅਨੁਸ਼ਾਸਨ ਦੋਵੇਂ ਚੀਜ਼ਾਂ ਮਹੱਤਵਪੂਰਨ ਹਨ। ਜੇਕਰ ਅਨੁਸ਼ਾਸਨ ਹੈ ਹੀ ਨਹੀਂ ਤਾਂ ਕਿੰਨੀ ਹੀ ਪ੍ਰੇਰਣਾ ਹੋਵੇਗੀ ਤਾਂ ਉਹ ਕੀ ਕੰਮ ਆਵੇਗੀ। ਜੀਵਨ ਵਿੱਚ ਅਨੁਸ਼ਾਸਨ ਬਹੁਤ ਲਾਜ਼ਮੀ ਹੈ, ਇਹ ਪ੍ਰੇਰਣਾ ਵਿੱਚ ਸੋਨੇ ਵਿੱਚ ਸੁਹਾਗੇ ਦਾ ਕੰਮ ਕਰਦਾ ਹੈ।

ਤਕਨਾਲੋਜੀ ਨੂੰ ਸਮਝੋ

ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਸੀਂ ਤਕਨਾਲੋਜੀ ਦੇ ਗ਼ੁਲਾਮ ਨਹੀਂ ਬਣਾਂਗੇ। ਹਰ ਤਕਨਾਲੋਜੀ ਦਾ ਅਸੀਂ ਵੱਧ ਉਪਯੋਗ ਕਰ ਸਕਦੇ ਹਾਂ। ਖੁਦ ਦਾ ਵਿਸਤਾਰ ਕਰਨਾ ਹੋਵੇਗਾ, ਉਸ ਵਿੱਚ ਤਕਨਾਲੋਜੀ ਦੀ ਤਾਕਤ ਨੂੰ ਜੋੜਨਾ ਹੋਵੇਗਾ। ਕਾਰਜਾਂ ਵਿੱਚ ਵੈਲਿਊ ਐਡੀਸ਼ਨ ਕਰੀਏ। ਜੇਕਰ ਇਹ ਹੁੰਦਾ ਹੈ ਤਾਂ ਕਿੰਨੀ ਹੀ ਉੱਤਮ ਤੋਂ ਉੱਤਮ ਤਕਨਾਲੋਜੀ ਕਿਉਂ ਨਾ ਆਵੇ, ਸਾਨੂੰ ਡਰਨ ਦੀ ਜ਼ਰੂਰਤ ਨਹੀਂ ਹੈ।

ਯਾਤਰਾ ਵਿੱਚ ਭਾਰਤੀ ਦੀ ਵਿਭਿੰਨਤਾ ਤੋਂ ਸਿੱਖੋ

ਅਸੀਂ ਕਿਤੇ ਵੀ ਜਾਈਏ, ਵਿਦਿਆਰਥੀ ਦੇ ਰੂਪ ਵਿੱਚ ਜਾਣਾ ਚਾਹੀਦਾ ਹੈ। ਤਦ ਟੂਰਿਜ਼ਮ ਦਾ ਮਜ਼ਾ ਆਉਂਦਾ ਹੈ। ਰੇਲ ਦੇ ਡੱਬੇ ਵਿੱਚ ਜਾਣਾ ਅਤੇ ਖਾਸ ਤੌਰ 'ਤੇ ਨਾਲ ਖਾਣਾ ਵੀ ਲੈ ਜਾਣਾ। ਦੇਖਣਾ ਚਾਹੀਦਾ ਹੈ ਕਿਹੋ ਜਿਹਾ ਅਨੁਭਵ ਹੁੰਦਾ ਹੈ। ਭੀੜ ਹੁੰਦੀ ਹੈ, ਕੀ ਹੁੰਦਾ ਹੈ, ਲੋਕ ਗੱਲਾਂ ਕਰਦੇ ਹਨ, ਕੀ ਕਰਦੇ ਹਨ, ਇਸ ਦਾ ਇੱਕ ਆਨੰਦ ਹੁੰਦਾ ਹੈ। ਜੀਵਨ ਵਿੱਚ ਸਿੱਖਣ ਨੂੰ ਮਿਲਦਾ ਹੈ। ਭਾਰਤ ਇੰਨੀਆਂ ਵਿਭਿੰਨਤਾਵਾਂ ਨਾਲ ਭਰਿਆ ਹੋਇਆ ਹੈ, ਇੱਕ ਜ਼ਿੰਦਗੀ ਵੀ ਘੱਟ ਪੈ ਜਾਵੇ ਦੇਖਣ ਦੇ ਲਈ।

ਜੋ ਪੜ੍ਹਿਆ ਹੈ ਉਹ ਬੇਕਾਰ ਨਹੀਂ ਗਿਆ

ਤੁਸੀਂ ਜੋ ਸੁਣਿਆ ਹੈ, ਜੋ ਪੜ੍ਹਿਆ ਹੈ, ਉਹ ਬੇਕਾਰ ਨਹੀਂ ਗਿਆ ਹੈ। ਕਿਤੇ ਨਾ ਕਿਤੇ ਤਾਂ ਸਟੋਰੇਜ ਹੈ ਹੀ ਉਹ। ਤੁਸੀਂ ਸ਼ਾਂਤ ਮਨ ਨਾਲ ਬੈਠੋ, ਚਿੰਤਾ ਨਾ ਕਰੋ। ਜਿਹੋ-ਜਿਹਾ ਪੇਪਰ ਆਉਂਦਾ ਹੈ ਦੇਖ ਲਵੋ। ਦੂਜੀ ਚੀਜ਼, ਤੁਹਾਨੂੰ ਵਿਸ਼ੇ 'ਤੇ ਗ੍ਰਿਪ ਹੋਣੀ ਚਾਹੀਦੀ ਹੈ ਨਾ, ਤਦੇ ਤਾਂ ਚੰਗੇ ਵਿਦਿਆਰਥੀ ਬਣੋਗੇ।

ਪੀਐੱਮ ਮੋਦੀ ਦੇ ਜੀਵਨ ਵਿੱਚ ਅਧਿਆਪਕ ਦੀ ਭੂਮਿਕਾ

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਜੀਵਨ ਵਿੱਚ ਅਧਿਆਪਕਾਂ ਦੀ ਭੂਮਿਕਾ ਬਾਰੇ ਇੱਕ ਵਿਦਿਆਰਥੀ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਅਧਿਆਪਕਾਂ ਨੇ ਉਨ੍ਹਾਂ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਯਾਦ ਕੀਤਾ ਕਿ ਕਿਵੇਂ ਉਨ੍ਹਾਂ ਦੇ ਅਧਿਆਪਕ ਉਨ੍ਹਾਂ ਨੂੰ ਰੋਜ਼ਾਨਾ ਲਾਇਬ੍ਰੇਰੀ ਜਾਣਾ, ਟਾਈਮਸ ਆਫ ਇੰਡੀਆ ਵਿੱਚ ਸੰਪਾਦਕੀ ਪੜ੍ਹਣ, ਉਸ ਨੂੰ ਲਿਖਣ ਅਤੇ ਅਗਲੇ ਦਿਨ ਉਸ 'ਤੇ ਚਰਚਾ ਕਰਨ ਦੇ ਲਈ ਪ੍ਰੋਤਸਾਹਿਤ ਕਰਦੇ ਸਨ। ਇਸ ਨਾਲ ਉਨ੍ਹਾਂ ਵਿੱਚ ਅਨੁਸ਼ਾਸਨ ਅਤੇ ਉਤਸੁਕਤਾ ਦਾ ਭਾਵ ਪੈਦਾ ਹੋਇਆ। ਉਨ੍ਹਾਂ ਨੇ ਆਪਣੇ ਸ਼ੁਰੂਆਤੀ ਸਕੂਲਾਂ ਦੇ ਦਿਨਾਂ ਦੇ ਪਰਮਾਰ ਸਰ ਦੀਆ ਯਾਦਾਂ ਸਾਂਝੀਆਂ ਕੀਤੀਆਂ ਜੋ ਸਰੀਰਕ ਫਿਟਨੈੱਸ 'ਤੇ ਬਹੁਤ ਜ਼ੋਰ ਦਿੰਦੇ ਸਨ। ਉਨ੍ਹਾਂ ਨੂੰ ਯੋਗ ਅਤੇ ਮੱਲਖੰਬ ਸਿਖਾਉਂਦੇ ਸਨ। ਭਾਵੇਂ ਉਹ ਪੇਸ਼ੇਵਰ ਖਿਡਾਰੀ ਨਹੀਂ ਬਣ ਪਾਏ ਪਰ ਇਸ ਨਾਲ ਉਨ੍ਹਾਂ ਨੂੰ ਸਿਹਤ ਦਾ ਮਹੱਤਵ ਸਮਝ ਵਿੱਚ ਆਇਆ। ਉਨ੍ਹਾਂ ਨੇ ਕਿਹਾ ਕਿ ਹਰ ਮਹਾਨ ਸ਼ਖਸੀਅਤ ਦੇ ਜੀਵਨ ਵਿੱਚ ਦੋ ਪ੍ਰਮੁੱਖ ਪ੍ਰਭਾਵ ਹਮੇਸ਼ਾ ਯਾਦ ਰੱਖੇ ਜਾਂਦੇ ਹਨ- ਇੱਕ ਉਨ੍ਹਾਂ ਦੀ ਮਾਤਾ ਦਾ ਅਤੇ ਦੂਜਾ ਉਨ੍ਹਾਂ ਦੇ ਅਧਿਆਪਕ ਦਾ।

ਹਰੇਕ ਵਿਦਿਆਰਥੀ ਤੋਂ ਸੁਣਨਾ, ਸਮਝਣਾ ਅਤੇ ਸਿੱਖਣਾ

ਪ੍ਰੀਖਿਆ ਦੀ ਗੱਲ ਦੇ ਨਾਲ-ਨਾਲ ਲੋਕਲ ਸੰਗੀਤ, ਅਸਾਮ ਦੀ ਚਾਹ, ਉਹ ਵੀ ਪਰਿਕਸ਼ਾ ਪੇ ਚਰਚਾ ਦਾ ਯਾਦਗਾਰ ਹਿੱਸਾ ਬਣ ਗਈ। ਇਸ ਐਪੀਸੋਡ ਵਿੱਚ ਸਾਰੀਆਂ ਚਰਚਾਵਾਂ ਵਿੱਚ ਥਾਂ ਵੱਖ-ਵੱਖ ਸੀ, ਵਿਦਿਆਰਥੀ ਵੱਖ-ਵੱਖ ਸਨ ਅਤੇ ਅਨੁਭਵ ਵੀ ਵੱਖ ਸਨ। ਪਰ ਹਰ ਚਰਚਾ ਦਾ ਉਦੇਸ਼ ਇੱਕ ਹੀ ਸੀ। ਹਰ ਵਿਦਿਆਰਥੀ ਨੂੰ ਸੁਣਨਾ, ਸਮਝਣਾ ਅਤੇ ਨਾਲ ਮਿਲ ਕੇ ਕੁਝ ਨਾ ਕੁਝ ਸਿੱਖਣਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਪੜ੍ਹਾਈ ਅਤੇ ਖੇਡ ਵਿੱਚ ਸੰਤੁਲਨ ਕਾਇਮ ਰੱਖਣਾ

ਜੀਵਨ ਅਤੇ ਸਮਾਜ ਦੋਵਾਂ ਵਿੱਚ ਸਿੱਖਿਆ ਦੀ ਜ਼ਰੂਰਤ ਹੈ। ਇਸ ਨੂੰ ਅੰਡਰ ਐਸਟੀਮੇਟ ਨਹੀਂ ਕਰਨਾ ਚਾਹੀਦਾ ਹੈ। ਇਹ ਗਲਤੀ ਕਦੇ ਨਾ ਕਰਨਾ ਕਿ ਮੈਂ ਖੇਡ ਵਿੱਚ ਬਹੁਤ ਚੰਗਾ ਹਾਂ, ਇਸ ਲਈ ਮੈਨੂੰ ਪੜ੍ਹਨ ਦੀ ਜ਼ਰੂਰਤ ਨਹੀਂ ਹੈ। ਪਰ ਸਿੱਖਿਆ ਹੀ ਸਭ ਕੁਝ ਕਰ ਲਵੇਗੀ, ਅਜਿਹਾ ਨਹੀਂ ਹੈ। ਤੁਹਾਡੇ ਵਿੱਚ ਹੁਨਰ ਹੈ, ਜੋ ਵੀ ਹੈ ਉਸ ਨੂੰ ਵਿਕਸਿਤ ਕਰਨਾ ਚਾਹੀਦਾ ਹੈ। ਖਿਡਾਰੀ ਬਣਨ ਦੇ ਲਈ ਖੇਡਾਂ ਉਹ ਇੱਕ ਵਿਸ਼ਾ ਹੈ ਪਰ ਜ਼ਿੰਦਗੀ ਵਿੱਚ ਖੇਡ ਹੋਣੀ ਚਾਹੀਦੀ ਹੈ, ਉਹ ਵੀ ਬਹੁਤ ਜ਼ਰੂਰੀ ਹੈ।

ਵਾਤਾਵਰਣ ਸੰਭਾਲ ਹੋਣਾ ਚਾਹੀਦਾ ਹੈ ਸਾਡਾ ਸੁਭਾਅ

ਕੁਦਰਤੀ ਸੰਪਦਾ ਨੂੰ ਬਚਾਉਣਾ ਸਾਡੇ ਸੁਭਾਅ ਵਿੱਚ ਹੋਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਸਾਨੂੰ ਲੋਕਾਂ ਨੂੰ ਜੋੜਨਾ ਚਾਹੀਦਾ ਹੈ। ਮਨੁੱਖੀ ਰੂਪ ਨਾਲ ਵਿਵਹਾਰ ਕਰੀਏ ਤਾਂ ਬਦਲਾਅ ਸ਼ੁਰੂ ਹੋ ਜਾਂਦਾ ਹੈ।

ਲੀਡਰ ਰੋਲ ਵਿੱਚ ਤਿਆਰ ਕਰਨਾ ਚਾਹੀਦਾ ਹੈ

ਜੋ ਕੰਮ ਹੈ ਮਨ ਵਿੱਚ ਤੈਅ ਕਰੋ। ਕੋਈ ਕਰੇ ਜਾਂ ਨਾ ਕਰੇ ਮੈਂ ਕਰਾਂਗਾ। ਜਦੋਂ ਇਹ ਆ ਜਾਵੇਗਾ, ਮੈਂ ਆਪਣੇ ਤੋਂ ਸ਼ੁਰੂ ਕਰਾਂਗਾ, ਤਾਂ ਤੁਸੀਂ ਦੇਖਿਓ ਆਪਣੇ ਆਪ ਲੀਡਰਸ਼ਿਪ ਆਉਣੀ ਸ਼ੁਰੂ ਹੋ ਜਾਵੇਗੀ। ਸਾਨੂੰ ਆਪਣੇ ਆਪ ਨੂੰ ਹਮੇਸ਼ਾ ਲੀਡਰ ਰੋਲ ਵਿੱਚ ਤਿਆਰ ਕਰਨਾ ਚਾਹੀਦਾ ਹੈ। ਪਰ ਲੀਡਰ ਦਾ ਮਤਲਬ ਇਹ ਨਹੀਂ ਹੈ ਕਿ ਚੋਣਾਂ ਲੜਨਾ, ਇੱਕ ਸਿਆਸੀ ਪਾਰਟੀ ਬਣਾਉਣਾ, ਇੱਕ ਪਾਰਟੀ ਵਿੱਚ ਸ਼ਾਮਲ ਹੋਣਾ ਅਤੇ ਲੱਛੇਦਾਰ ਭਾਸ਼ਣ ਦੇਣਾ। ਲੀਡਰ ਮਤਲਬ, ਲੀਡਰਸ਼ਿਪ ਵਿੱਚ ਇੱਕ ਗੁਣ ਹੋਣਾ ਬਹੁਤ ਜ਼ਰੂਰੀ ਹੈ ਕਿ ਤੁਸੀਂ 10 ਲੋਕਾਂ ਨੂੰ ਆਪਣੀ ਗੱਲ ਸਮਝਾ ਪਾਓ।

ਗੁਜਰਾਤ ਦੇ ਕਬਾਇਲੀ ਖੇਤਰਾਂ ਦਾ ਵਿਕਾਸ

ਗੁਜਰਾਤ ਦੇ ਪਾਲ-ਚਿਤਰਿਆ ਦੇ ਕਬਾਇਲੀ ਸਮਾਜ ਨੇ ਬਹੁਤ ਵੱਡਾ ਆਜ਼ਾਦੀ ਦਾ ਸੰਘਰਸ਼ ਲੜਿਆ ਸੀ। ਇੱਕ ਵਾਰ ਬਹੁਤ ਭਿਆਨਕ ਅਕਾਲ ਪਿਆ ਸੀ ਤਾਂ ਉਸ ਸਮੇਂ ਮੈਂ ਉਸ ਖੇਤਰ ਵਿੱਚ ਬਹੁਤ ਦਿਨਾਂ ਤੱਕ ਰਹਿ ਕੇ ਕੰਮ ਕੀਤਾ ਸੀ। ਉਸ ਸਮੇਂ ਲਗਦਾ ਸੀ ਕਿ ਇੱਥੇ ਐਜੁਕੇਸ਼ਨ 'ਤੇ ਧਿਆਨ ਦੇਣਾ ਚਾਹੀਦਾ ਹੈ। ਉਸ ਤੋਂ ਬਾਅਦ ਜਦੋਂ ਮੈਨੂੰ ਮੌਕਾ ਮਿਲਿਆ, ਮੁੱਖ ਮੰਤਰੀ ਬਣਿਆ ਤਾਂ ਮੈਂ ਧਿਆਨ ਦੇਣ ਲੱਗਿਆ। ਤੁਹਾਨੂੰ ਹੈਰਾਨੀ ਹੋਵੇਗੀ ਇੱਕ ਸਮਾਂ ਅਜਿਹਾ ਸੀ ਕਿ ਉਮਰਗਾਂਓ ਤੋਂ ਅੰਬਾਜੀ ਤੱਕ ਇੱਕ ਵੀ ਸਾਇੰਸ ਸਕੂਲ ਨਹੀਂ ਸੀ। ਹੁਣ ਤਾਂ ਦੋ ਯੂਨੀਵਰਸਿਟੀਆਂ ਹਨ, ਸਾਇੰਸ ਸਕੂਲ ਹਨ, ਆਈਟੀਆਈ ਹੈ, ਬਹੁਤ ਸਾਰਾ ਬਦਲਾਅ ਆਇਆ ਹੈ। ਉਸ ਦਾ ਬਹੁਤ ਵੱਡਾ ਲਾਭ ਹੋ ਰਿਹਾ ਹੈ।

ਤੁਲਨਾ ਤੋਂ ਬਚਣ ਮਾਤਾ-ਪਿਤਾ

ਮਾਂ-ਪਿਓ ਨੂੰ ਤੁਲਨਾ ਤੋਂ ਬਚਣਾ ਚਾਹੀਦਾ ਹੈ। ਮੈਂ ਹਰ ਮਾਤਾ-ਪਿਤਾ ਨੂੰ ਕਹਿੰਦਾ ਹਾਂ ਕਿ ਕਿਰਪਾ ਕਰਕੇ ਤੁਸੀਂ ਪਰਿਵਾਰ ਵਿੱਚ ਕਿਸੇ ਦੇ ਸਾਹਮਣੇ ਓਨੀ ਤਾਰੀਫ ਨਾ ਕਰੋ ਤਾਂ ਜੋ ਬੱਚੇ ਦੀ ਆਦਤ ਖਰਾਬ ਹੋ ਜਾਵੇ। ਇੱਕ ਬੱਚੇ ਦੀ ਇੰਨੀ ਤਾਰੀਫ ਨਾ ਕਰੋ ਕਿ ਦੂਜੇ ਬੱਚੇ ਨੂੰ ਲੱਗੇ ਕਿ ਦੇਖੋ ਹਰ ਵਾਰ ਇਹ ਤਾਂ ਇਸ ਦੀ ਗੱਲ ਦੁਨੀਆ ਵਿੱਚ ਦੱਸਦੇ ਰਹਿੰਦੇ ਹਨ, ਮੇਰੀ ਤਾਂ ਦੱਸਦੇ ਨਹੀਂ।

ਹਰ ਚੀਜ਼ ਕਰ ਸਕਦੇ ਹੋ ਤੁਸੀਂ

ਜੇਕਰ ਖੁਦ 'ਤੇ ਵਿਸ਼ਵਾਸ ਹੈ ਤਾਂ ਤੁਸੀਂ ਹਰ ਚੀਜ਼ ਨੂੰ ਪਾਰ ਕਰ ਸਕਦੇ ਹੋ। ਜਿਸ ਨੂੰ ਖੁਦ 'ਤੇ ਵਿਸ਼ਵਾਸ ਹੁੰਦਾ ਹੈ ਕਰਦਾ ਕੀ ਹੈ? ਪੂਰੀ ਸਥਿਤੀ ਦਾ ਮਨ ਹੀ ਮਨ ਅਧਿਐਨ ਕਰਦਾ ਹੈ। ਅਸੀਂ ਜੋ ਸਥਿਤੀ ਹੈ ਉਸ ਨੂੰ ਔਬਜ਼ਰਵ ਕਰੀਏ, ਸਿਚੂਏਸ਼ਨ ਦਾ ਇੱਕ ਵਾਰ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿ ਅਜਿਹਾ ਹੋਇਆ ਸੀ। ਹੁਣ ਦੇਖਣਾ ਤੁਹਾਨੂੰ ਲਗੇਗਾ ਹਾਂ ਅਰੇ ਠੀਕ ਹੈ ਮੈਂ ਕਰ ਲਵਾਂਗਾ। ਜੋ ਆਤਮਵਿਸ਼ਵਾਸ ਸ਼ਬਦ ਹੈ ਨਾ ਉਸ ਨੂੰ ਸੱਚੇ ਅਰਥ ਵਿੱਚ ਜੀਵਨ ਵਿੱਚ ਸਮਝਣਾ ਹੈ। ਆਤਮਾ ਦੀ ਗੱਲ, ਖੁਦ ਦੀ ਗੱਲ ਹੈ। ਕੋਈ ਠੀਕ ਨਹੀਂ ਕਰਦਾ ਹੈ, ਸਾਨੂੰ ਹੀ ਕਰਨਾ ਹੁੰਦਾ ਹੈ। ■

ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ, ਪ੍ਰਧਾਨ ਮੰਤਰੀ ਮੋਦੀ ਦਾ ਜਵਾਬ

ਹੁਣ ਅੱਗੇ ਵਧ ਕੇ ਅਗਵਾਈ ਕਰੇਗਾ ਭਾਰਤ

"ਅੱਜ ਮੇਰਾ ਦੇਸ਼ ਪੂਰੀ ਸਮਰੱਥਾ ਦਿਖਾ ਰਿਹਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਹਾਡੇ ਕੋਲ ਆਰਥਿਕ ਸਮਰੱਥਾ ਹੋਵੇ, ਤੁਹਾਡੇ ਨਾਗਰਿਕਾਂ ਵਿੱਚ ਦੇਸ਼ ਦੇ ਪ੍ਰਤੀ ਊਰਜਾ ਹੋਵੇ ਅਤੇ ਖਾਸ ਕਰਕੇ ਮੈਨੂਫੈਕਚਰਿੰਗ ਲਈ ਇੱਕ ਮਜ਼ਬੂਤ ਈਕੋਸਿਸਟਮ ਹੋਵੇ, ਉਦੋਂ ਵਿਸ਼ਵ ਤੁਹਾਡੇ ਨਾਲ ਡੀਲ ਕਰਨ ਲਈ ਅੱਗੇ ਆਉਂਦਾ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦੌਰਾਨ 5 ਫਰਵਰੀ ਨੂੰ ਜਵਾਬ ਦਿੰਦੇ ਹੋਏ ਰਾਜ ਸਭਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਰਥਵਿਵਸਥਾ, ਵਪਾਰ ਸਮਝੌਤਿਆਂ ਸਮੇਤ ਕਈ ਮੁੱਦਿਆਂ 'ਤੇ ਆਪਣੀ ਗੱਲ ਰੱਖੀ। ਲਗਭਗ ਡੇਢ ਘੰਟੇ ਦੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਦੇ ਭਾਸ਼ਣ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਹੁਣ ਭਾਰਤ ਪਿੱਛੇ ਨਹੀਂ ਰਹੇਗਾ, ਅੱਗੇ ਵਧ ਕੇ ਅਗਵਾਈ ਕਰੇਗਾ। ਪੇਸ਼ ਹਨ ਸੰਬੋਧਨ ਦੇ ਸੰਪਾਦਿਤ ਅੰਸ਼...

ਪਿਛਲੇ ਇੱਕ ਵਰ੍ਹੇ ਵਿੱਚ ਹੋਈ ਤੇਜ਼ ਤਰੱਕੀ

ਪਿਛਲਾ ਵਰ੍ਹਾ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਤੇਜ਼ੀ ਨਾਲ ਤਰੱਕੀ ਦਾ ਰਿਹਾ ਹੈ, ਜਿਸ ਵਿੱਚ ਹਰ ਖੇਤਰ ਅਤੇ ਸਮਾਜ ਦੇ ਸਾਰੇ ਵਰਗਾਂ ਵਿੱਚ ਬਦਲਾਅ ਸਾਫ਼ ਦਿਖ ਰਿਹਾ ਹੈ। ਦੇਸ਼ ਬਹੁਤ ਤੇਜ਼ੀ ਨਾਲ ਸਹੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ਰਾਸ਼ਟਰਪਤੀ ਨੇ ਇਨ੍ਹਾਂ ਵਿਸ਼ਿਆਂ ਨੂੰ ਸੰਵੇਦਨਸ਼ੀਲਤਾ ਅਤੇ ਸਪਸ਼ਟਤਾ ਨਾਲ ਪੇਸ਼ ਕੀਤਾ। ਰਾਸ਼ਟਰਪਤੀ ਨੇ ਇਸ ਮੱਧ ਵਰਗ, ਹੇਠਲੇ ਮੱਧ ਵਰਗ, ਗ਼ਰੀਬਾਂ, ਕਿਸਾਨਾਂ, ਮਹਿਲਾਵਾਂ, ਵਿਗਿਆਨ, ਤਕਨਾਲੋਜੀ, ਖੇਤੀਬਾੜੀ, ਸਾਰੇ ਵਿਸ਼ਿਆਂ ਨੂੰ ਲੈ ਕੇ ਬਹੁਤ ਹੀ ਵਿਸਤਾਰ ਨਾਲ ਭਾਰਤ ਦੀ ਤਰੱਕੀ ਦਾ ਇੱਕ ਸੁਰ ਸੰਸਦ ਵਿੱਚ ਪੇਸ਼ ਕੀਤਾ ਹੈ। ਦੇਸ਼ ਦੇ ਨੌਜਵਾਨ ਭਾਰਤ ਦੀ ਸਮਰੱਥਾ ਨੂੰ ਕਿਵੇਂ ਅੱਗੇ ਵਧਾ ਰਹੇ ਹਨ, ਇਸ ਦੀ ਵੀ ਵਿਸਤਾਰ ਨਾਲ ਚਰਚਾ ਕੀਤੀ ਹੈ।

ਤੇਜ਼ੀ ਨਾਲ ਅੱਗੇ ਵਧਣਾ ਹੈ, ਟੀਚਾ-ਹਾਸਲ ਕਰਨਾ ਹੈ

21ਵੀਂ ਸਦੀ ਦਾ ਪਹਿਲਾ ਕੁਆਰਟਰ ਖ਼ਤਮ ਹੋ ਗਿਆ ਹੈ। ਜਿਸ ਤਰ੍ਹਾਂ ਪਿਛਲੀ ਸਦੀ ਦਾ ਦੂਸਰਾ ਕੁਆਰਟਰ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਨਿਰਣਾਇਕ ਸੀ, ਉਸੇ ਤਰ੍ਹਾਂ ਇਹ ਦੂਸਰਾ ਕੁਆਰਟਰ ਵੀ ਵਿਕਸਿਤ ਭਾਰਤ ਬਣਾਉਣ ਵਿੱਚ ਓਨਾ ਹੀ ਸ਼ਕਤੀਸ਼ਾਲੀ ਅਤੇ ਤੇਜ਼ ਗਤੀ ਵਾਲਾ ਹੋਵੇਗਾ। ਹਰ ਨਾਗਰਿਕ ਮਹਿਸੂਸ ਕਰਦਾ ਹੈ ਕਿ ਦੇਸ਼ ਇੱਕ ਅਹਿਮ ਪੜਾਅ 'ਤੇ ਪਹੁੰਚ ਗਿਆ ਹੈ, ਜਿੱਥੇ ਰੁਕਣ ਜਾਂ ਪਿੱਛੇ ਮੁੜਨ ਦਾ ਕੋਈ ਸਵਾਲ ਹੀ ਨਹੀਂ ਹੈ, ਬਸ ਤੇਜ਼ੀ ਨਾਲ ਅੱਗੇ ਵਧਣਾ ਹੈ। ਟੀਚਾ ਹਾਸਲ ਕਰਨਾ ਹੈ ਅਤੇ ਉਸ ਨੂੰ ਹਾਸਲ ਕਰਨ ਤੋਂ ਬਾਅਦ ਹੀ ਚੈਨ ਦਾ ਸਾਹ ਲੈਣਾ ਹੈ ਅਤੇ ਇਸੇ ਦਿਸ਼ਾ ਵਿੱਚ ਦੇਸ਼ ਅੱਗੇ ਵਧ ਰਿਹਾ ਹੈ।

ਯੁਵਾ ਆਬਾਦੀ ਵਾਲਾ ਦੇਸ਼

ਵਰਤਮਾਨ ਵਿੱਚ ਅਸੀਂ ਦੇਖੀਏ ਤਾਂ ਭਾਰਤ ਦੀ ਕਿਸਮਤ ਦੇ ਅਨੇਕ ਸੰਜੋਗ ਇਕੱਠੇ ਸਾਨੂੰ ਨਸੀਬ ਹੋਏ ਹਨ। ਸਭ ਤੋਂ ਵੱਡੀ ਗੱਲ ਹੈ, ਵਿਸ਼ਵ ਦੇ ਸਮ੍ਰਿੱਧ ਤੋਂ ਸਮ੍ਰਿੱਧ ਦੇਸ਼ ਵੀ ਬਜ਼ੁਰਗ ਹੁੰਦੇ ਜਾ ਰਹੇ ਹਨ, ਉੱਥੋਂ ਦੀ ਆਬਾਦੀ ਉਮਰ ਦੇ ਉਸ ਪੜਾਅ 'ਤੇ ਪਹੁੰਚੀ ਹੈ, ਅਸੀਂ ਜਿਨ੍ਹਾਂ ਨੂੰ ਬਜ਼ੁਰਗ ਦੇ ਰੂਪ ਵਿੱਚ ਜਾਣਦੇ ਸੀ। ਸਾਡਾ ਦੇਸ਼ ਅਜਿਹਾ ਹੈ ਜੋ ਵਿਕਾਸ ਦੀਆਂ ਨਵੀਆਂ ਉਚਾਈਆਂ ਛੂਹ ਰਿਹਾ ਹੈ, ਉਸ ਸਮੇਂ ਦਿਨੋਂ-ਦਿਨ ਸਾਡਾ ਦੇਸ਼ ਯੁਵਾ ਹੁੰਦਾ ਜਾ ਰਿਹਾ ਹੈ। ਇਹ ਆਪਣੇ ਆਪ ਵਿੱਚ ਇੱਕ ਬਹੁਤ ਚੰਗਾ ਸੰਜੋਗਹੈ। ਵਿਸ਼ਵ ਦਾ ਭਾਰਤ ਦੇ ਪ੍ਰਤੀ ਆਕਰਸ਼ਣ ਵਧਿਆ ਹੈ। ਉਸ ਵਿੱਚ ਵੀ ਭਾਰਤ ਦੇ ਟੈਲੇਂਟ ਦੀ ਮਹੱਤਤਾ ਸਮਝ ਰਿਹਾ ਹੈ। ਸਾਡੇ ਕੋਲ ਅੱਜ ਦੁਨੀਆ ਦਾ ਬਹੁਤ ਹੀ ਮਹੱਤਵਪੂਰਨ ਟੈਲੇਂਟ ਪੂਲ ਹੈ, ਯੁਵਾ ਟੈਲੇਂਟ ਪੂਲ ਹੈ, ਜਿਸ ਦੇ ਕੋਲ ਸੁਪਨੇ ਵੀ ਹਨ, ਸੰਕਲਪ ਵੀ ਹੈ ਅਤੇ ਸਮਰੱਥਾ ਵੀ ਹੈ।

ਆਤਮਵਿਸ਼ਵਾਸ ਨਾਲ ਭਰਿਆ ਹੋਇਆ ਭਾਰਤ

ਅੱਜ ਕੋਈ ਵੀ ਸੈਕਟਰ ਦੇਖ ਲਓ ਭਾਵੇਂ ਸਾਇੰਸ ਹੋਵੇ, ਸਪੇਸ ਹੋਵੇ, ਸਪੋਰਟਸ ਹੋਵੇ, ਹਰ ਖੇਤਰ ਵਿੱਚ ਅੱਜ ਭਾਰਤ ਆਤਮਵਿਸ਼ਵਾਸ ਨਾਲ ਭਰਿਆ ਹੋਇਆ ਭਾਰਤ ਹੈ। ਵਿਸ਼ਵ ਮਿੱਤਰ ਦੇ ਰੂਪ ਵਿੱਚ, ਅੱਜ ਭਾਰਤ ਕਈ ਦੇਸ਼ਾਂ ਦਾ ਵਿਸ਼ਵਾਸ ਪਾਰਟਨਰ ਬਣਿਆ ਹੈ ਅਤੇ ਅਸੀਂ ਮੋਢੇ ਨਾਲ ਮੋਢਾ ਜੋੜ੍ਹ ਕੇ, ਵਿਸ਼ਵ ਭਲਾਈ ਦੀ ਦਿਸ਼ਾ ਵਿੱਚ ਵੀ ਆਪਣੀ ਉਚਿਤ ਭੂਮਿਕਾ ਨਿਭਾ ਰਹੇ ਹਾਂ।

ਰਿਫੌਰਮ, ਪਰਫੌਰਮ, ਟ੍ਰਾਂਸਫੌਰਮ ਦਾ ਮੰਤਰ

ਅਸੀਂ ਰਿਫੌਰਮ, ਪਰਫੌਰਮ, ਟ੍ਰਾਂਸਫੌਰਮ ਦੇ ਮੰਤਰ ਨੂੰ ਲੈ ਕੇ ਅੱਗੇ ਵਧੀਏ ਅਤੇ ਅੱਜ ਸਥਿਤੀ ਅਜਿਹੀ ਹੈ ਕਿ ਦੇਸ਼ ਰਿਫੌਰਮ ਐਕਸਪ੍ਰੈੱਸ 'ਤੇ ਸਵਾਰ ਹੋ ਚੁੱਕਿਆ ਹੈ। ਅਸੀਂ ਸਟ੍ਰਕਚਰਲ, ਪ੍ਰੋਸੈੱਸ ਨਾਲ ਜੁੜੇ ਅਤੇ ਪਾਲਿਸੀਜ਼ ਵਿੱਚ ਰਿਫੌਰਮ ਕੀਤੇ ਹਨ। ਸਾਡਾ ਮੈਨੂਫੈਕਚਰਿੰਗ ਸੈਕਟਰ, ਉੱਦਮੀ ਸਸ਼ਕਤ ਹੋਵੇ, ਭਾਰਤ ਦੀ ਹਰ ਚੀਜ਼ ਦਾ ਵੈਲਿਊ ਐਡੀਸ਼ਨ ਹੋਵੇ, ਉਸ

ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਵਧ ਰਿਹਾ ਭਾਰਤ

ਅੱਜ ਵਿਸ਼ਵ ਵਿੱਚ ਜੋ ਚੁਣੌਤੀਆਂ ਪੈਦਾ ਹੋ ਰਹੀਆਂ ਹਨ, ਭਾਰਤ ਉਨ੍ਹਾਂ ਚੁਣੌਤੀਆਂ ਦਾ ਸਮਾਧਾਨ ਦੇਣ ਵਾਲੀ ਉਮੀਦ ਦੀ ਕਿਰਨ ਬਣਿਆ ਹੋਇਆ ਹੈ। ਜਦੋਂ ਸਾਨੂੰ ਦੇਸ਼ ਦੀ ਜਨਤਾ ਨੇ ਸੇਵਾ ਕਰਨ ਦਾ ਮੌਕਾ ਦਿੱਤਾ, ਉਦੋਂ 'Fragile Five' ਦੇ ਰੂਪ ਵਿੱਚ ਇਹ ਦੇਸ਼ ਜਾਣਿਆ ਜਾਂਦਾ ਸੀ। ਦੇਸ਼ ਆਜ਼ਾਦ ਹੋਇਆ ਤਦ ਅਸੀਂ ਦੁਨੀਆ ਵਿੱਚ 6 ਨੰਬਰ ਦੀ ਇਕੌਨਮੀ ਸੀ ਲੇਕਿਨ ਅਜਿਹਾ ਹਾਲ ਹੋਇਆ ਕਿ 11 'ਤੇ ਪਹੁੰਚਾ ਦਿੱਤਾ। ਅੱਜ ਅਸੀਂ ਤਿੰਨ 'ਤੇ ਜਾਣ ਦੀ ਦਿਸ਼ਾ ਵਿੱਚ ਤੇਜ਼ ਗਤੀ ਨਾਲ ਅੱਗੇ ਵਧ ਰਹੇ ਹਾਂ।

ਛੋਟੇ ਕਿਸਾਨਾਂ ਦੇ ਖਾਤਿਆਂ ਵਿੱਚ 4 ਲੱਖ ਕਰੋੜ ਰੁਪਏ ਦਿੱਤੇ

ਸਾਡੇ ਦਿਲ ਵਿੱਚ ਛੋਟੇ ਕਿਸਾਨਾਂ ਦੇ ਪ੍ਰਤੀ ਇੱਕ ਦਰਦ ਸੀ। ਅਸੀਂ ਜ਼ਮੀਨੀ ਹਕੀਕਤ ਤੋਂ ਜਾਣੂ ਸੀ। ਉਸੇ ਕਾਰਨ ਅਸੀਂ ਪੀਐੱਮ ਕਿਸਾਨ ਸਨਮਾਨ ਨਿਧੀ ਯੋਜਨਾ ਲੈ ਕੇ ਆਏ। ਇੰਨੇ ਘੱਟ ਸਮੇਂ ਵਿੱਚ ਅਸੀਂ ਛੋਟੇ ਕਿਸਾਨਾਂ ਦੇ ਖਾਤਿਆਂ ਵਿੱਚ 4 ਲੱਖ ਕਰੋੜ ਰੁਪਏ ਪਾਏ ਹਨ। ਜਿਨ੍ਹਾਂ ਨੇ ਸਾਡੇ ਛੋਟੇ ਕਿਸਾਨਾਂ ਨੂੰ ਇੱਕ ਨਵੀਂ ਤਾਕਤ ਦਿੱਤੀ ਹੈ। ਨਵੇਂ ਸੁਪਨੇ ਦੇਖਣ ਦੀ ਸਮਰੱਥਾ ਦਿੱਤੀ ਹੈ। ਮੈਨੂੰ ਇਹ ਪੱਕਾ ਵਿਸ਼ਵਾਸ ਹੈ ਕਿ ਸਾਡਾ ਕਿਸਾਨ ਉਸ ਦਿਸ਼ਾ ਵਿੱਚ ਜ਼ਰੂਰ ਭਾਰਤ ਦੀ ਆਸ਼ਾ-ਉਮੀਦ ਦੇ ਅਨੁਸਾਰ ਨਤੀਜਾ ਦੇਵੇਗਾ।

ਦਿਸ਼ਾ ਵਿੱਚ ਅਸੀਂ ਯਤਨ ਕੀਤੇ ਹਨ। ਮੈਂ ਵਿਸ਼ਵਾਸ ਦੇ ਨਾਲ ਕਹਿ ਸਕਦਾ ਹਾਂ, ਅੱਜ ਭਾਰਤ ਵਿਸ਼ਵ ਦੇ ਨਾਲ ਮੁਕਾਬਲੇਬਾਜ਼ੀ ਕਰਨ ਦੇ ਲਈ ਪੂਰੀ ਤਰ੍ਹਾਂ ਤਿਆਰ ਹੈ।

MSMEs ਨੈੱਟਵਰਕ 'ਤੇ ਵਧ ਰਿਹਾ ਦੁਨੀਆ ਦਾ ਭਰੋਸਾ

MSMEs ਦਾ ਬਹੁਤ ਵੱਡਾ ਨੈੱਟਵਰਕ ਜਿੰਨਾ ਸਮਰੱਥਾਵਾਨ ਹੁੰਦਾ ਹੈ, ਉਹ ਲੰਬੇ ਸਮੇਂ ਤੱਕ ਇਕੌਨਮੀ ਨੂੰ ਇੱਕ ਤਾਕਤ ਦਿੰਦਾ ਹੈ। ਅਸੀਂ ਉਸ ਦਿਸ਼ਾ ਵਿੱਚ ਬਲ ਦਿੱਤਾ ਹੈ ਅਤੇ ਕਈ ਰਿਫੌਰਮਸ ਕੀਤੇ ਹਨ। ਅੱਜ ਸਾਡੇ MSMEs ਨੈੱਟਵਰਕ 'ਤੇ ਦੁਨੀਆ ਦਾ ਭਰੋਸਾ ਵਧ ਰਿਹਾ ਹੈ। ਅਸੀਂ ਹਵਾਈ ਜਹਾਜ਼ ਨਹੀਂ ਬਣਾਉਂਦੇ ਹੋਵਾਂਗੇ, ਪਰ ਕਈ ਹਵਾਈ ਜਹਾਜ਼ ਹਨ, ਜਿਸ ਵਿੱਚ ਕਈ ਪੁਰਜ਼ੇ ਮੇਰੇ ਦੇਸ਼ ਦੇ ਛੋਟੇ ਤੋਂ ਛੋਟੇ MSMEs ਬਣਾਉਂਦੇ ਹਨ।

ਬੈਂਕਾਂ ਦੀ ਸਿਹਤ ਵਿੱਚ ਸੁਧਾਰ ਹੋਇਆ

ਬੈਂਕਾਂ ਦੀ ਸਿਹਤ ਵਿੱਚ ਸੁਧਾਰ ਹੋਇਆ ਅਤੇ ਹੁਣ ਵੀ ਤੇਜ਼ੀ ਨਾਲ ਅੱਗੇ ਦੌੜ ਰਹੀ ਹੈ। ਅਸੀਂ ਮੁਦਰਾ ਯੋਜਨਾ ਦੇ ਮਾਧਿਅਮ ਨਾਲ 30 ਲੱਖ ਕਰੋੜ ਰੁਪਏ ਤੋਂ ਵੱਧ ਲੋਨ ਦੇਸ਼ ਦੇ ਨੌਜਵਾਨਾਂ ਦੇ ਹੱਥ ਵਿੱਚ ਦਿੱਤੇ। ਵੂਮੈਨ ਸੈਲਫ ਹੈਲਪ ਗਰੁੱਪ ਦਾ ਵਿਸਤਾਰ ਤਾਂ ਕੀਤਾ ਹੀ ਕੀਤਾ, ਨਾਲ ਹੀ 10 ਕਰੋੜ ਭੈਣਾਂ ਨੂੰ ਸਿੱਧੀ ਆਰਥਿਕ ਮਦਦ ਦੀ ਵਿਵਸਥਾ ਕੀਤੀ। ਅੱਜ ਐੱਨਪੀਏ ਇੱਕ ਪਰਸੈਂਟ ਤੋਂ ਵੀ ਹੇਠਾਂ ਹੈ, ਇਹ ਆਪਣੇ ਆਪ ਵਿੱਚ ਬੈਂਕਾਂ ਦੀ ਸਿਹਤ ਦੇ ਲਈ ਬਹੁਤ ਵਧੀਆ ਕੰਮ ਕੀਤਾ ਹੈ। ਇੰਨਾ ਹੀ ਨਹੀਂ, ਬੈਂਕਾਂ ਦਾ ਪ੍ਰੌਫਿਟ ਅੱਜ ਰਿਕਾਰਡ 'ਤੇ ਹੈ। ਇਹ ਆਪਣੇ ਆਪ ਵਿੱਚ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤੀ ਦਿੰਦੀ ਹੈ। ਬੈਂਕਿੰਗ ਵਿਵਸਥਾ ਮਜ਼ਬੂਤ ਹੁੰਦੀ ਹੈ, ਤਾਂ ਬਾਕੀ ਅਰਥਵਿਵਸਥਾ ਨੂੰ ਵੀ ਮਜ਼ਬੂਤੀ ਮਿਲਦੀ ਹੈ, ਉਸ ਕੰਮ ਨੂੰ ਕੀਤਾ ਹੈ। PSUs ਦੇ ਸਬੰਧ ਵਿੱਚ ਵੀ ਰਿਫੌਰਮਸ ਕੀਤੇ। ਅੱਜੇ ਸਾਡੇ PSUs ਨੂੰ ਬਹੁਤ ਵੱਡੇ-ਵੱਡੇ ਆਰਡਰ ਦੇਸ਼ ਤੋਂ ਵੀ ਅਤੇ ਦੇਸ਼ ਦੇ ਬਾਹਰ ਤੋਂ ਵੀ ਮਿਲਣ ਲੱਗੇ ਹਨ।

> ਮੇਰੇ ਦੇਸ਼ ਦੇ ਨੌਜਵਾਨਾਂ ਦਾ ਸਾਨੂੰ ਮਾਣ ਕਰਨਾ ਚਾਹੀਦਾ ਹੈ, ਉਨ੍ਹਾਂ ਦੇ ਲਈ ਪੂਰਾ ਵਿਸ਼ਵ ਬਜ਼ਾਰ ਹੁਣ ਖੁੱਲ੍ਹ ਚੁੱਕਿਆ ਹੈ। ਹੁਣ ਉਨ੍ਹਾਂ ਦੇ ਲਈ ਮੌਕੇ ਹੀ ਮੌਕੇ ਹਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ, ਆਓ ਦੋਸਤੋ ਮੈਂ ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹਾਂ, ਹਿੰਮਤ ਕਰੋ ਅੱਗੇ ਵਧੋ, ਦੇਸ਼ ਤੁਹਾਡੇ ਨਾਲ ਖੜ੍ਹਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

140 ਕਰੋੜ ਸਮਾਧਾਨ ਸਾਡੇ ਕੋਲ

ਸਾਡੀ ਸੋਚ ਹੈ ਕਿ 140 ਕਰੋੜ ਦੇਸ਼ਵਾਸੀ ਇੰਨੇ ਸਮਰੱਥ ਹਨ ਕਿ ਉਹ ਚੁਣੌਤੀਆਂ ਦਾ ਸਮਾਧਾਨ ਕਰ ਸਕਦੇ ਹਨ। ਸਾਨੂੰ ਭਰੋਸਾ ਹੈ ਦੇਸ਼ਵਾਸੀਆਂ 'ਤੇ, ਉਨ੍ਹਾਂ ਦੀ ਸਮਰੱਥਾ 'ਤੇ ਸਾਨੂੰ ਭਰੋਸਾ ਹੈ ਅਤੇ ਇਹੀ ਲੋਕਤੰਤਰ ਦੀ ਵੀ ਸੱਚੀ ਤਾਕਤ ਹੁੰਦੀ ਹੈ। ਸਾਡੇ ਲਈ ਹਰ ਦੇਸ਼ਵਾਸੀ ਭਾਰਤ ਦਾ ਉੱਜਵਲ ਭਵਿੱਖ ਦਾ ਆਰਕੀਟੈਕਟ, ਨਿਰਮਾਤਾ ਹੈ, ਸਿਰਜਣਹਾਰ ਹੈ।

2047 ਤੱਕ ਬਣਨਾ ਹੈ ਵਿਕਸਿਤ ਭਾਰਤ

ਅਸੀਂ ਵਿਕਸਿਤ ਭਾਰਤ ਦਾ ਸੁਪਨਾ ਲੈ ਕੇ ਚਲੇ ਹਾਂ ਅਤੇ ਅੱਜ ਉਹ ਸੁਪਨਾ ਦੇਸ਼ ਦੇ ਲੋਕਾਂ ਦੀ ਊਰਜਾ ਦੇ ਕਾਰਨ ਸੰਕਲਪ ਵਿੱਚ ਬਦਲ ਚੁੱਕਿਆ ਹੈ। ਅੱਜ ਕਿਤੇ ਵੀ ਜਾਓ ਹਰ ਕੋਈ ਇਹ ਕਹਿੰਦਾ ਹੈ ਕਿ 2047 ਤੱਕ ਵਿਕਸਿਤ ਭਾਰਤ ਬਣਨਾ ਹੈ। ਵਿਰੋਧੀ ਧਿਰ ਦੇ ਸਮੇਂ ਵਿੱਚ, 'ਭਾਰਤ ਨੇ ਮੌਕਾ ਗੁਆ

‘ਭਾਰਤ’ ਗਲੋਬਲ ਪਲੈਟਫਾਰਮਾਂ ‘ਤੇ ਗਲੋਬਲ ਸਾਊਥ ਦੀ ਬੁਲੰਦ ਆਵਾਜ਼

ਪੂਰਾ ਵਿਸ਼ਵ ਗਲੋਬਲ ਸਾਊਥ ਦੀ ਚਰਚਾ ਕਰਦਾ ਹੈ ਪਰ ਉਸ ਚਰਚਾ ਦੇ ਉਤਪ੍ਰੇਰਕ ਦੇ ਰੂਪ ਵਿੱਚ ਅੱਜ ਭਾਰਤ ਗਲੋਬਲ ਪਲੈਟਫਾਰਮਾਂ ‘ਤੇ ਗਲੋਬਲ ਸਾਊਥ ਦੀ ਬੁਲੰਦ ਆਵਾਜ਼ ਬਣ ਗਿਆ ਹੈ। ਕਈ ਦੇਸ਼ਾਂ ਦੇ ਨਾਲ ਭਾਰਤ ‘ਫਿਊਚਰ ਰੈਡੀ ਟ੍ਰੇਡ ਡੀਲਸ’ ਕਰ ਰਿਹਾ ਹੈ। ਪਿਛਲੇ ਕੁਝ ਹੀ ਸਮੇਂ ਵਿੱਚ ਦੁਨੀਆ ਦੇ ਮਹੱਤਵਪੂਰਨ 9 ਵੱਡੇ ਦੇਸ਼ਾਂ ਦੇ ਨਾਲ ਸਾਡੇ ਟ੍ਰੇਡ ਡੀਲ ਹੋਏ ਹਨ ਅਤੇ ਉਸ ਵਿੱਚ “Mother of All Deals,” ਇਕੱਠੇ 27 ਦੇਸ਼ਾਂ ਦੇ ਨਾਲ, ਯੂਰੋਪੀਅਨ ਯੂਨੀਅਨ ਦੇ ਨਾਲ।

ਦਿੱਤਾ’ ਇਹ ਮੁਹਾਵਰਾ ਆਮ ਸੀ, ਜੋ ਛੁਟੇ ਹੋਏ ਮੌਕਿਆਂ ਦਾ ਪ੍ਰਤੀਕ ਸੀ। ਅੱਜ, ਭਾਰਤ ਕੋਈ ਮੌਕਾ ਨਹੀਂ ਗੁਆ ਰਿਹਾ ਹੈ, ਸਗੋਂ ਹੁਣ ਉਹ ਅੱਗੇ ਵਧ ਕੇ ਅਗਵਾਈ ਕਰੇਗਾ।

ਮੇਰਾ ਦੇਸ਼ ਅਜਰ-ਅਮਰ ਰਹਿਣ ਵਾਲਾ

ਦੇਸ਼ ਦਾ ਭਵਿੱਖ ਉੱਜਵਲ ਬਣਾਉਣਾ ਹੈ। ਵਰਤਮਾਨ ਨੂੰ ਵੀ ਉੱਜਵਲ ਬਣਾਉਣ ਦੇ ਲਈ ਅਣਥੱਕ ਕੰਮ ਕਰਨਾ ਹੁੰਦਾ ਹੈ। ਅਸੀਂ ਵਿਕਸਿਤ ਭਾਰਤ ਦੇ ਸੁਪਨੇ ਦੇ ਫਲਾਈਟ ਵਿੱਚ 5 ਵਰ੍ਹੇ ਦੀ ਯੋਜਨਾ ਅਤੇ ਹਰ ਵਰ੍ਹੇ ਦਾ ਬਜਟ ਬਣਾਉਂਦੇ ਹਾਂ। ਅਸੀਂ ਦਿਸ਼ਾ ਤੈਅ ਕਰਕੇ ਚਲਦੇ ਹਾਂ। ਕਿਉਂਕਿ ਦੇਸ਼ ਅਜਰ-ਅਮਰ ਰਹਿਣ ਵਾਲਾ ਹੈ। ਅਸੀਂ ਦੇਸ਼ ਦੀ ਯੁਵਾ ਪੀੜ੍ਹੀ ਦੇ ਹੱਥ ਵਿੱਚ ਸਮ੍ਰਿੱਧ ਹਿੰਦੁਸਤਾਨ ਦੇਣ ਦਾ ਸੁਪਨਾ ਲੈ ਕੇ ਚਲੇ ਹਾਂ। ਘਰ ਵਿੱਚ ਬੱਚਿਆਂ ਨੂੰ ਦੇਖ ਕੇ, ਮੈਂ ਸੋਚਦਾ ਹਾਂ, "ਮੈਂ ਉਨ੍ਹਾਂ ਦੇ ਹੱਥ ਵਿੱਚ ਅਜਿਹਾ ਹਿੰਦੁਸਤਾਨ ਦੇ ਕੇ ਜਾਵਾਂ, ਜੋ ਸਾਨੂੰ ਸਾਡੇ ਕੰਮ ਵਿੱਚ ਸੰਤੁਸ਼ਟੀ ਦੇਵੇ।”

ਨਵੀਆਂ ਸਿੱਧੀਆਂ ਨੂੰ ਲੈ ਕੇ ਅੱਜ ਦੇਸ਼ ਵਧ ਰਿਹਾ ਹੈ ਅੱਗੇ

ਅੱਜ ਜਿਸ ਤਰ੍ਹਾਂ ਨਾਲ ਅਸੀਂ ਇਨਿਸ਼ਿਏਟਿਵ ਲਏ ਹਨ, ਭਾਵੇਂ ਸਪੇਸ ਹੋਵੇ, ਸਾਇੰਸ ਹੋਵੇ, ਤਕਨਾਲੋਜੀ ਹੋਵੇ, ਸਮੁੰਦਰ ਦੀ ਡੂੰਘਾਈ ਹੋਵੇ, ਪਾਣੀ-ਧਰਤੀ-ਆਕਾਸ਼, ਹਰ ਖੇਤਰ ਵਿੱਚ ਨਵੇਂ ਸੰਕਲਪ, ਨਵੀਂ ਊਰਜਾ, ਨਵੇਂ ਕਦਮ ਅਤੇ ਨਵੀਆਂਸਿੱਧੀਆਂ ਨੂੰ ਲੈ ਕੇ ਦੇਸ਼ ਅੱਜ ਅੱਗੇ ਵਧ ਰਿਹਾ ਹੈ। ਅਸੀਂ ਗ੍ਰੀਨ ਹਾਈਡ੍ਰੋਜਨ ‘ਤੇ ਕੰਮ ਕਰ ਰਹੇ ਹਾਂ। ਅਸੀਂ ਆਉਣ ਵਾਲੇ ਯੁੱਗ ਨੂੰ ਸਮਝ ਪਾ ਰਹੇ ਹਾਂ। ਅਸੀਂ ਕੁਆਂਟਮ ਕੰਪਿਊਟਿੰਗ ਦੀ ਗੱਲ ਕਰ ਰਹੇ ਹਾਂ। ਅਸੀਂ ਏਆਈ ਮਿਸ਼ਨ ਨੂੰ ਲੈ ਕੇ ਚਲ ਰਹੇ ਹਾਂ। ਅੱਜ ਦੁਨੀਆ ਵਿੱਚ ਕ੍ਰਿਟੀਕਲ ਮਿਨਰਲ ਰੇਅਰ ਅਰਥ ਰਾਜਨੀਤਿਕ ਹਥਿਆਰ ਬਣ ਗਿਆ ਹੈ, ਅਸੀਂ ਉਸ ‘ਤੇ ਫੋਕਸ ਕਰ ਰਹੇ ਹਾਂ।

ਆਉਣ ਵਾਲਾ ਸਮਾਂ ਭਾਰਤ ਲਈ ਮੌਕਿਆਂ ਨਾਲ ਭਰਪੂਰ

ਆਉਣ ਵਾਲਾ ਸਮਾਂ ਭਾਰਤ ਅਤੇ ਉਸ ਦੇ ਨੌਜਵਾਨਾਂ ਦੇ ਲਈ ਮੌਕਿਆਂ ਨਾਲ ਭਰਿਆ ਹੋਇਆ ਹੈ। ਮੈਂ ਵੇਖ ਸਕਦਾ ਹਾਂ ਅਤੇ ਉਸ ਦਿਸ਼ਾ ਵਿੱਚ ਨੀਤੀਆਂ ਬਣਾਕੇ ਅਸੀਂ ਅੱਗੇ ਚਲ ਰਹੇ ਹਾਂ। ਮੇਰੇ ਦੇਸ਼ਵਾਸੀਆਂ ਨੂੰ ਮੈਂ ਅੱਜ ਇਹੀ ਬੇਨਤੀ ਕਰਾਂਗਾ ਕਿ ਤੁਸੀਂ ਕੁਆਲਿਟੀ ਦੇ ਮਾਮਲੇ ਵਿੱਚ ਮੇਰਾ ਸਾਥ ਦਿਓ। ਕੁਆਲਿਟੀ ਵਿੱਚ ਕਦੇ ਵੀ ਸਮਝੌਤਾ ਨਾ ਕਰੋ। ਤੁਸੀਂ ਦੇਖੋਗੇ ਕਿ ਦੁਨੀਆ ਸਿਰਫ਼ ਅਤੇ ਸਿਰਫ਼ “ਮੇਡ ਇਨ ਇੰਡੀਆ, ਮੇਡ ਇਨ ਭਾਰਤ” ਇਸ ਦੇ ਲਈ ਹੀ ਗੀਤ ਗਾਉਣ ਲਗ ਜਾਵੇਗੀ। ■

ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਣ ‘ਤੇ ਧੰਨਵਾਦ ਪ੍ਰਸਤਾਵ ‘ਤੇ ਪ੍ਰਧਾਨ ਮੰਤਰੀ ਦਾ ਜਵਾਬ ਦੇਖਣ ਲਈ QR ਕੋਡ ਸਕੈਨ ਕਰੋ।

ਸੁਧਾਰ ਐਕਸਪ੍ਰੈੱਸ 'ਤੇ ਸਵਾਰ ਭਾਰਤ

... ਇਸ ਲਈ ਪੂਰੀ ਵਿਵਸਥਾ ਬਦਲਣ 'ਤੇ ਹੋਇਆ ਕੰਮ

ਭਾਰਤ ਦੇ ਲਈ, ਇਹ ਦਹਾਕਾ ਬੇਮਿਸਾਲ ਵਿਕਾਸ, ਬਿਹਤਰ ਕੰਮਕਾਰ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਾਲਾ ਰਿਹਾ ਹੈ। ਇਹ ਸਭ ਕੁਝ ਅਚਾਨਕ ਨਹੀਂ ਹੋਇਆ। ਭਾਰਤ ਨੇ 2015 ਦੇ ਨੀਤੀ ਆਯੋਗ ਦੇ ਦਸਤਾਵੇਜ਼ ਵਿੱਚ ਸਪਸ਼ਟ ਕੀਤਾ ਸੀ ਕਿ ਦੇਸ਼ ਕਿਸੇ ਵੀ ਵਿਦੇਸ਼ੀ ਵਿਕਾਸ ਮਾਡਲ ਨੂੰ ਨਹੀਂ ਅਪਣਾਏਗਾ ਸਗੋਂ ਆਪਣੀਆਂ ਜ਼ਰੂਰਤਾਂ ਅਤੇ ਤਜ਼ਰਬਿਆਂ ਦੇ ਅਨੁਸਾਰ ਆਪਣਾ ਰਸਤਾ ਤੈਅ ਕਰੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 13 ਫਰਵਰੀ ਨੂੰ ਈਟੀ ਨਾਓ ਗਲੋਬਲ ਬਿਜ਼ਨੇਸ ਸਮਿਟ 2026 ਵਿੱਚ ਕਿਹਾ ਸੀ ਕਿ ਮਜ਼ਬੂਰੀ ਵਿੱਚ ਕੀਤੇ ਗਏ ਸੁਧਾਰ ਕਦੇ ਵੀ ਸਹੀ ਨਤੀਜੇ ਨਹੀਂ ਦਿੰਦੇ, ਇਸ ਲਈ ਸਰਕਾਰ ਨੇ ਪੂਰੀ ਵਿਵਸਥਾ ਬਦਲਣ 'ਤੇ ਕੀਤਾ ਕੰਮ...

ਨਵਾਂ ਭਾਰਤ ਜਿਸ ਵਿਕਾਸ ਦੇ ਦ੍ਰਿਸ਼ਟੀਕੋਣ 'ਤੇ ਅੱਗੇ ਵਧ ਰਿਹਾ ਹੈ ਉਸ ਨੀਤੀ ਨੇ ਦੇਸ਼ ਨੂੰ ਆਪਣੀਆਂ ਜ਼ਰੂਰਤਾਂ ਅਤੇ ਹਿਤਾਂ ਦੇ ਮੁਤਾਬਕ ਫ਼ੈਸਲੇ ਲੈਣ ਦਾ ਆਤਮਵਿਸ਼ਵਾਸ ਦਿੱਤਾ ਹੈ। ਇਹੀ ਕਾਰਨ ਹੈ ਕਿ ਉਥਲ-ਪੁਥਲ ਭਰੇ ਇਸ ਦਹਾਕੇ ਵਿੱਚ ਵੀ ਭਾਰਤ ਦੀ ਅਰਥਵਿਵਸਥਾ ਕਮਜ਼ੋਰ ਨਹੀਂ ਹੋਈ, ਸਗੋਂ ਲਗਾਤਾਰ ਮਜ਼ਬੂਤ ਹੁੰਦੀ ਰਹੀ। ਈਟੀ ਨਾਓ ਗਲੋਬਲ ਸਮਿਟ 2026 ਵਿੱਚ 'ਵਿਘਨਾਂ ਦਾ ਦਹਾਕਾ, ਪਰਿਵਰਤਨ ਦੀ ਸ਼ਤਾਬਦੀ' ਵਿਸ਼ੇ 'ਤੇ ਆਪਣੇ ਵਿਚਾਰ ਵਿਅਕਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਪੁਰਾਣੇ ਸਮੇਂ ਵਿੱਚ ਬਣਾਏ ਜਾਣ ਵਾਲੇ ਕੈਬਨਿਟ ਨੋਟ ਦੀ ਉਦਹਾਰਣ ਦਿੱਤੀ। ਉਨ੍ਹਾਂ ਨੇ ਕਿਹਾ ਕਿ ਕੈਬਨਿਟ ਨੋਟ ਤਿਆਰ ਕਰਨ ਵਿੱਚ ਪਹਿਲਾਂ ਹਫ਼ਤੇ ਜਾਂ ਮਹੀਨੇ ਲਗ ਜਾਂਦੇ ਸਨ, ਜਿਸ ਨਾਲ ਵਿਕਾਸ ਦੀ ਰਫ਼ਤਾਰ ਹੌਲੀ ਰਹਿੰਦੀ ਸੀ। ਉਨ੍ਹਾਂ ਦੀ ਸਰਕਾਰ

ਸੰਬੋਧਨ ਦੇ ਕੁਝ ਮੁੱਖ ਬਿੰਦੂ

- ਭਾਰਤ ਦੀ ਆਰਥਿਕ ਸ਼ਕਤੀ ਵਿੱਚ ਵਾਧੇ ਦੇ ਨਾਲ-ਨਾਲ ਸਰਕਾਰ ਨੇ ਰਾਜਾਂ ਨੂੰ ਵੀ ਸਸ਼ਕਤ ਬਣਾਇਆ ਹੈ। 2004 ਤੋਂ 2014 ਤੱਕ, ਰਾਜਾਂ ਨੂੰ ਟੈਕਸ ਟ੍ਰਾਂਸਫਰ ਤੋਂ ਲਗਭਗ 18 ਲੱਖ ਕਰੋੜ ਰੁਪਏ ਪ੍ਰਾਪਤ ਹੋਏ, ਜਦਕਿ 2014 ਤੋਂ 2025 ਤੱਕ,84 ਲੱਖ ਕਰੋੜ ਰੁਪਏ ਪ੍ਰਾਪਤ ਹੋ ਚੁੱਕੇ ਹਨ। ਇਸ ਵਰ੍ਹੇ ਦੇ ਬਜਟ ਦੀ ਰਾਸ਼ੀ ਨੂੰ ਜੋੜ ਦਈਏ ਤਾਂ ਰਾਜਾਂ ਨੂੰ ਕੁੱਲ ਟੈਕਸ ਟ੍ਰਾਂਸਫਰ ਲਗਭਗ 100 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।
- 21ਵੀਂ ਸਦੀ ਦੇ ਇਸ ਦਹਾਕੇ ਵਿੱਚ, ਭਾਰਤ ਰਿਫੌਰਮ ਐਕਸਪ੍ਰੈੱਸ 'ਤੇ ਸਵਾਰ ਹੈ। ਰਿਫੌਰਮ ਐਕਸਪ੍ਰੈੱਸ ਨੂੰ ਕੰਪਲਸ਼ਨ ਵਿੱਚ ਨਹੀਂ... ਸਗੋਂ ਕਨਵਿਕਸ਼ਨ ਦੇ ਨਾਲ, ਰਿਫੌਰਮ ਦੇ ਕਮਿਟਮੈਂਟ ਦੇ ਨਾਲ ਗਤੀ ਦੇ ਰਹੇ ਹਾਂ।
- ਬਜਟ ਨੂੰ ਨਾ ਸਿਰਫ਼ ਖਰਚ-ਕੇਂਦ੍ਰਿਤ ਬਣਾਇਆ ਗਿਆ ਨਹੀਂ ਸਗੋਂ ਨਤੀਜਿਆਂ-ਕੇਂਦ੍ਰਿਤ ਵੀ ਬਣਾਇਆ ਗਿਆ ਹੈ। 2014 ਤੋਂ ਪਹਿਲਾਂ, ਆਫ਼ ਬਜਟ ਬਾਰੋਇੰਗ 'ਤੇ ਬਹੁਤ ਵੱਧ ਚਰਚਾ ਹੁੰਦੀ ਸੀ, ਪਰ ਹੁਣ ਆਫ਼ ਬਜਟ ਰਿਫੌਰਮਸ ਤੇ ਚਰਚਾ ਹੁੰਦੀ ਹੈ।
- ਬਜਟ ਤੋਂ ਬਾਹਰ, ਨੈਕਸਟ ਜੈਨਰੇਸ਼ਨ ਜੀਐੱਸਟੀ ਰਿਫੌਰਮ ਹੋਏ, ਪਲਾਨਿੰਗ ਕਮਿਸ਼ਨ ਦੀ ਥਾਂ ਨੀਤੀ ਆਯੋਗ ਬਣਾਇਆ, ਆਰਟੀਕਲ 370 ਦੀ ਕੰਧ ਢਾਹ ਦਿੱਤੀ ਗਈ, ਤਿੰਨ ਤਲਾਕ ਦੇ ਵਿਰੁੱਧ ਕਾਨੂੰਨ ਬਣਾਇਆ ਗਿਆ, ਅਤੇ ਨਾਰੀ ਸ਼ਕਤੀ ਵੰਦਨ ਅਧਿਨਿਯਮ ਬਣਾਇਆ। ਬਜਟ ਵਿੱਚ ਐਲਾਨ ਕੀਤਾ ਗਿਆ ਹੋਵੇ ਜਾਂ ਬਜਟ ਤੋਂ ਬਾਹਰ, ਰਿਫੌਰਮ ਐਕਸਪ੍ਰੈੱਸ ਲਗਾਤਾਰ ਗਤੀ ਫੜ ਰਿਹਾ ਹੈ।
- ਪਿਛਲੇ ਦਹਾਕੇ ਵਿੱਚ ਅਸੀਂ ਤਕਨਾਲੋਜੀ ਅਤੇ ਇਨੋਵੇਸ਼ਨ ਨੂੰ ਗ੍ਰੋਥ ਦਾ ਕੋਰ ਡ੍ਰਾਈਵਰ ਮੰਨਿਆ ਹੈ। ਇਸੇ ਸੋਚ ਦੇ ਨਾਲ, ਦੇਸ਼ ਵਿੱਚ ਸਟਾਰਟਅੱਪ ਕਲਚਰ, ਹੈਕਾਥੌਨ ਕਲਚਰ ਨੂੰ ਪ੍ਰਮੋਟ ਕੀਤਾ ਗਿਆ ਹੈ।

"ਜਦੋਂ ਰਾਸ਼ਟਰ ਸਰਬਉੱਚ ਹੁੰਦਾ ਹੈ, ਤਾਂ ਹਰ ਫ਼ੈਸਲਾ ਅਤੇ ਨੀਤੀ ਦੇਸ਼ ਦੇ ਹਿਤ ਵਿੱਚ ਹੁੰਦੇ ਹਨ। ਸਰਕਾਰ ਦਾ ਦ੍ਰਿਸ਼ਟੀਕੋਣ ਸਾਫ਼ ਹੈ, ਭਾਰਤ ਨੂੰ ਵਿਕਸਿਤ ਬਣਾਉਣ ਦੀ ਦਿਸ਼ਾ ਵਿੱਚ ਨਿਰੰਤਰ ਕੰਮ ਕਰਨਾ। ਭਾਵੇਂ ਅੱਜ ਦੀ ਪੀੜ੍ਹੀ 2047 ਤੱਕ ਰਹੇ ਜਾਂ ਨਾ ਰਹੇ, ਰਾਸ਼ਟਰ ਅਤੇ ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਤਾਂ ਰਹਿਣਗੀਆਂ ਹੀ। ਇਸ ਲਈ ਵਰਤਮਾਨ ਪੀੜ੍ਹੀ ਦਾ ਇਹ ਕਰਤੱਵ ਹੈ ਕਿ ਉਹ ਭਵਿੱਖ ਨੂੰ ਸੁਰੱਖਿਅਤ ਅਤੇ ਉੱਜਵਲ ਬਣਾਉਣ ਦੇ ਲਈ ਖੁਦ ਨੂੰ ਸਮਰਪਿਤ ਕਰੇ।

-ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਨੇ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਸਮਾਂਬੱਧ ਅਤੇ ਤਕਨਾਲੋਜੀ ਅਧਾਰਿਤ ਬਣਾਇਆ, ਤਾਂ ਜੋ ਫਾਈਲਾਂ ਅਨਿਸ਼ਚਿਤ ਕਾਲ ਤੱਕ ਪੈਂਡਿੰਗ ਨਾ ਰਹਿਣ ਅਤੇ ਇਸ ਦੇ ਨਤੀਜੇ ਅੱਜ ਸਪਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ।

ਗਲੋਬਲ ਪੱਧਰ 'ਤੇ 21ਵੀਂ ਸ਼ਤਾਬਦੀ ਦੇ ਪਿਛਲੇ ਦਹਾਕੇ ਵਿੱਚ ਕਈ ਵਿਘਨ ਦੇਖਣ ਨੂੰ ਮਿਲੇ, ਜਿਨ੍ਹਾਂ ਵਿੱਚ ਗਲੋਬਲ ਮਹਾਮਾਰੀ, ਵੱਖ-ਵੱਖ ਖੇਤਰਾਂ ਵਿੱਚ ਤਣਾਅ ਅਤੇ ਯੁੱਧ ਅਤੇ ਸਪਲਾਈ ਚੇਨ ਵਿੱਚ ਆਈਆਂ ਰੁਕਾਵਟਾਂ ਸ਼ਾਮਲ ਹਨ। ਇਨ੍ਹਾਂ ਚੁਣੌਤੀਆਂ ਨੇ ਗਲੋਬਲ ਸੰਤੁਲਨ ਨੂੰ ਹਿਲਾ ਕੇ ਰੱਖ ਦਿੱਤਾ। ਇਨ੍ਹਾਂ ਵਿਘਨਾਂ ਦੇ ਬਾਵਜੂਦ, ਇਸ ਦਿਸ਼ਾ ਵਿੱਚ ਇਹ ਦਹਾਕਾ ਭਾਰਤ ਦੇ ਲਈ ਜ਼ਿਕਰਯੋਗ ਵਿਕਾਸ, ਉਤਕ੍ਰਿਸ਼ਟ ਪ੍ਰਦਰਸ਼ਨ ਅਤੇ ਲੋਕਤੰਤਰ ਦੀ ਮਜ਼ਬੂਤੀ ਨਾਲ ਭਰਿਆ ਰਿਹਾ ਹੈ। ਇਸ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਮਾਣ ਪ੍ਰਗਟ ਕਰਨ ਦੇ ਨਾਲ ਕਿਹਾ ਕਿ ਮੁਸ਼ਕਲ ਭਰੇ ਸਮੇਂ ਵਿੱਚ ਹੀ ਕਿਸੇ ਦੇਸ਼ ਦੀ ਅਸਲ ਸ਼ਕਤੀ ਸਾਹਮਣੇ ਉਭਰ ਕੇ ਆਉਂਦੀ ਹੈ। ਜਦੋਂ ਪਿਛਲਾ ਦਹਾਕਾ ਸ਼ੁਰੂ ਹੋਇਆ ਸੀ, ਉਦੋਂ ਭਾਰਤ 11ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ ਪਰ ਅੱਜ ਭਾਰਤ ਤੇਜ਼ੀ ਨਾਲ ਵਿਸ਼ਵ ਦੀ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਵੱਲ ਵਧ ਰਿਹਾ ਹੈ। ਵਰਤਮਾਨ ਵਿੱਚ ਭਾਰਤ ਵਿਸ਼ਵਵਿਆਪੀ ਵਿਕਾਸ ਵਿੱਚ 16% ਤੋਂ ਵੱਧ ਦਾ ਯੋਗਦਾਨ ਦਿੰਦਾ ਹੈ। ਇਸ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵਾਸ ਵਿਅਕਤ ਕੀਤਾ ਕਿ ਇਹ ਯੋਗਦਾਨ ਵਰ੍ਹੇ ਦਰ ਵਰ੍ਹੇ ਵਧਦਾ ਰਹੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦੇ ਮੁਕਤ ਵਪਾਰ ਸਮਝੌਤਿਆਂ 'ਤੇ ਵਿਸ਼ਵਵਿਆਪੀ ਪੱਧਰ 'ਤੇ ਵਿਆਪਕ ਚਰਚਾ ਅਤੇ ਵਿਸ਼ਲੇਸ਼ਣ ਹੋ ਰਿਹਾ ਹੈ, ਪਰ 2014 ਤੋਂ ਪਹਿਲਾਂ ਅਜਿਹੇ ਸਮਝੌਤੇ ਕਿਉਂ ਸੰਭਵ ਨਹੀਂ ਸਨ। ਦੇਸ਼ ਉਹੀ, ਯੁਵਾ ਸ਼ਕਤੀ ਉਹੀ, ਸਰਕਾਰੀ ਸਿਸਟਮ ਉਹੀ, ਤਾਂ ਬਦਲਿਆ ਕੀ ? ਬਦਲਾਅ, ਸਰਕਾਰ ਦੇ ਵਿਜ਼ਨ ਵਿੱਚ ਆਇਆ ਹੈ, ਨੀਤੀ ਅਤੇ ਨੀਅਤ ਵਿੱਚ ਆਇਆ ਹੈ, ਭਾਰਤ ਦੀ ਸਮਰੱਥਾ ਵਿੱਚ ਆਇਆ ਹੈ। ਪਿਛਲੇ ਇੱਕ ਦਹਾਕੇ ਵਿੱਚ ਭਾਰਤ ਦੇ ਵੱਖ-ਵੱਖ ਖੇਤਰਾਂ ਦੇ 38 ਦੇਸ਼ਾਂ ਦੇ ਨਾਲ ਵਪਾਰ ਸਮਝੌਤੇ ਕੀਤੇ ਹਨ। ਅੱਜ ਦਾ ਭਾਰਤ ਆਤਮਵਿਸ਼ਵਾਸ ਨਾਲ ਭਰਿਆ ਹੈ, ਗਲੋਬਲ ਪੱਧਰ 'ਤੇ ਮੁਕਾਬਲੇਬਾਜ਼ੀ ਕਰਨ ਦੇ ਲਈ ਤਿਆਰ ਹੈ। ਪਿਛਲੇ 11 ਵਰ੍ਹਿਆਂ ਵਿੱਚ ਭਾਰਤ ਵਿੱਚ ਇੱਕ ਮਜ਼ਬੂਤ ਨਿਰਮਾਣ ਪ੍ਰਣਾਲੀ ਵਿਕਸਿਤ ਕੀਤੀ ਗਈ ਹੈ। ਇਹ ਭਾਰਤ ਦੀ ਵਪਾਰ ਨੀਤੀ ਵਿੱਚ ਇੱਕ ਅਹਿਮ ਬਦਲਾਅ ਦਾ ਅਧਾਰ ਬਣਿਆ ਹੈ ਅਤੇ ਵਿਕਸਿਤ ਭਾਰਤ ਵੱਲ ਯਾਤਰਾ ਦਾ ਇੱਕ ਲਾਜ਼ਮੀ ਥੰਮ੍ਹ ਬਣ ਗਿਆ ਹੈ। ਅੱਜ ਦੇਸ਼ ਸਮਰੱਥ ਹੈ, ਸਸ਼ਕਤ ਹੈ ਅਤੇ ਇਸ ਲਈ ਦੁਨੀਆ ਵੀ ਭਾਰਤ 'ਤੇ ਭਰੋਸਾ ਕਰਦੀ ਹੈ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਪ੍ਰਧਾਨ ਮੰਤਰੀ ਮੋਦੀ ਦਾ ਅਸਾਮ ਦੌਰਾ

ਸੁਰੱਖਿਆ ਅਤੇ ਵਿਕਾਸ ਦਾ ਨਵਾਂ ਅਧਿਆਏ

ਉੱਤਰ-ਪੂਰਬ ਕੇਂਦਰ ਸਰਕਾਰ ਦੇ ਲਈ ਅਸ਼ਟਲਕਸ਼ਮੀ ਹੈ। ਇਹੀ ਕਾਰਨ ਹੈ ਕਿ ਕੇਂਦਰੀ ਬਜਟ ਵਿੱਚ ਉੱਤਰ-ਪੂਰਬ ਨੂੰ ਆਰਥਿਕ ਤੌਰ 'ਤੇ ਆਤਮਨਿਰਭਰ ਬਣਾਉਣ ਦੇ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਵਰ੍ਹੇ ਅਸਾਮ ਨੂੰ ਟੈਕਸ ਦੀ ਹਿੱਸੇਦਾਰੀ ਦੇ ਰੂਪ ਵਿੱਚ ਲਗਭਗ 50 ਹਜ਼ਾਰ ਕਰੋੜ ਰੁਪਏ ਮਿਲਣ ਵਾਲੇ ਹਨ। ਇਸੇ ਕੜੀ ਵਿੱਚ ਸੁਰੱਖਿਆ ਅਤੇ ਵਿਕਾਸ ਨੂੰ ਨਵੀਂ ਰਫਤਾਰ ਦੇਣ ਦੇ ਲਈ ਪ੍ਰਧਾਨ ਮੰਤਰੀ ਮੋਦੀ 14 ਫਰਵਰੀ ਨੂੰ ਅਸਾਮ ਪਹੁੰਚੇ ਅਤੇ ਰਾਜ ਨੂੰ ਦਿੱਤੀਆਂ ਕਈ ਅਹਿਮ ਵਿਕਾਸ ਪ੍ਰੋਜੈਕਟਾਂ ਦੀਆਂ ਸੋਗਾਤਾਂ...

ਦੇਸ਼ ਆਪਣੀਆਂ ਸੈਨਾਵਾਂ ਨੂੰ ਮਜ਼ਬੂਤ ਕਰ ਰਿਹਾ ਹੈ। ਭਾਰਤ ਆਪਣੀ ਸਰਹੱਦਾਂ 'ਤੇ ਸ਼ਾਨਦਾਰ ਹਾਈਵੇਅ ਅਤੇ ਟਨਲਸ, ਉੱਚੇ-ਉੱਚੇ ਬ੍ਰਿਜ, ਆਧੁਨਿਕ ਏਅਰਫੀਲਡ ਬਣਾ ਰਿਹਾ ਹੈ ਅਤੇ ਦੇਸ਼ ਦੀ ਸੁਰੱਖਿਆ ਵਧਾ ਰਿਹਾ ਹੈ। ਅਸਾਮ ਦੌਰੇ ਦੇ ਦੌਰਾਨ ਐਮਰਜੈਂਸੀ ਲੈਂਡਿੰਗ ਸੁਵਿਧਾ (ਈਐੱਲਐੱਫ) 'ਤੇ ਉਤਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਦੇਸ਼ ਨੂੰ ਸਿਰਫ਼ ਇੱਕ ਹੋਰ ਐਮਰਜੈਂਸੀ ਲੈਂਡਿੰਗ ਸਟ੍ਰਿਪ ਨਹੀਂ ਮਿਲੀ ਹੈ। ਇਹ ਇਸ ਗੱਲ ਦਾ ਵੀ ਪ੍ਰਮਾਣ ਹੈ ਕਿ ਨਵਾਂ ਭਾਰਤ, ਆਪਣੀ ਸੁਰੱਖਿਆ ਦੇ ਲਈ ਹਰ ਤਰ੍ਹਾਂ ਨਾਲ ਤਿਆਰ ਹੋ ਰਿਹਾ ਹੈ। ਭਾਰਤ ਹੁਣ ਨਾ ਸਿਰਫ਼ ਆਪਣੀਆਂ ਸਰਹੱਦਾਂ ਨੂੰ ਸਸ਼ਕਤ ਕਰ ਰਿਹਾ ਹੈ, ਸਗੋਂ ਦੇਸ਼ ਦੇ ਦੁਸ਼ਮਣਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਘੁਸ ਕੇ ਜਵਾਬ ਵੀ ਦਿੰਦਾ ਹੈ।

ਕੁਮਾਰ ਭਾਸਕਰ ਵਰਮਾ ਸੇਤੂ ਦਾ ਉਦਘਾਟਨ

- ਪ੍ਰਧਾਨ ਮੰਤਰੀ ਮੋਦੀ ਨੇ ਬ੍ਰਹਮਪੁੱਤਰ ਨਦੀ 'ਤੇ ਲਗਭਗ 3,030 ਕਰੋੜ ਰੁਪਏ ਦੀ ਲਾਗਤ ਨਾਲ ਨਿਰਮਿਤ ਕੁਮਾਰ ਭਾਸਕਰ ਵਰਮਾ ਸੇਤੂ ਦਾ ਉਦਘਾਟਨ ਕੀਤਾ।
- ਗੁਵਾਹਾਟੀ ਨੂੰ ਉੱਤਰ ਗੁਵਾਹਾਟੀ ਨਾਲ ਜੋੜਨ ਵਾਲਾ ਇਹ 6-ਲੇਨ ਦਾ ਐਕਸਟ੍ਰਾਡੋਜ਼ਡ ਪ੍ਰੀਸਟ੍ਰੈਸਡ ਕੰਕਰੀਟ (ਪੀਐੱਸਸੀ) ਪੁਲ, ਉੱਤਰ-ਪੂਰਬੀ ਭਾਰਤ ਦਾ ਪਹਿਲਾ ਐਕਸਟ੍ਰਾਡੋਜ਼ਡ ਪੁਲ ਹੈ।
- ਇਸ ਨਾਲ ਗੁਵਾਹਾਟੀ ਅਤੇ ਉੱਤਰ ਗੁਵਾਹਾਟੀ ਦੇ ਦਰਮਿਆਨ ਯਾਤਰਾ ਦਾ ਸਮਾਂ ਘੱਟ ਕੇ ਸਿਰਫ਼ 7 ਮਿੰਟ ਰਹਿ ਜਾਵੇਗਾ।
- ਇਸ ਖੇਤਰ ਦਾ ਉੱਚ ਭੂਚਾਲ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਪੁਲ ਵਿੱਚ ਫ੍ਰਿਕਸ਼ਨ ਪੇਂਡੁਲਮ ਬੇਅਰਿੰਗਾਂ ਦੀ ਵਰਤੋਂ ਕਰਕੇ ਬੇਸ ਆਈਸੋਲੇਸ਼ਨ ਤਕਨੀਕ ਨੂੰ ਅਪਣਾਇਆ ਗਿਆ ਹੈ।
- ਪੁਲ ਦੀ ਸਥਿਰਤਾ ਅਤੇ ਲੰਬੇ ਸਮੇਂ ਦੀ ਢਾਂਚਾਗਤ ਵਿਵਸਥਾ ਬਣਾਏ ਰੱਖਣ ਦੇ ਲਈ ਉੱਚ-ਗੁਣਵੱਤਾ ਵਾਲੇ ਸਟੇਅ ਕੇਬਲਸ ਦੀ ਵਰਤੋਂ ਕੀਤੀ ਗਈ ਹੈ।
- ਇਸ ਤੋਂ ਇਲਾਵਾ, ਰੀਅਲ-ਟਾਈਮ ਕੰਡੀਸ਼ਨ ਮਾਨੀਟਰਿੰਗ, ਨੁਕਸਾਨ ਦਾ ਜਲਦੀ ਪਤਾ ਲਗਾਉਣ ਅਤੇ ਬਿਹਤਰ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਲਈ ਇਸ ਵਿੱਚ ਬ੍ਰਿਜ ਹੈਲਥ ਮਾਨੀਟਰਿੰਗ ਸਿਸਟਮ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਇਹ ਬਹੁਤ ਹੀ ਮਾਣ ਦਾ ਵਿਸ਼ਾ ਹੈ ਕਿ ਉੱਤਰ-ਪੂਰਬ ਨੂੰ ਐਮਰਜੈਂਸੀ ਲੈਂਡਿੰਗ ਸੁਵਿਧਾ ਮਿਲੀ ਹੈ। ਸਟ੍ਰੈਟੇਜਿਕ ਦ੍ਰਿਸ਼ਟੀ ਨਾਲ ਅਤੇ ਕੁਦਰਤੀ ਆਫ਼ਤਾਂ ਦੇ ਸਮੇਂ, ਇਹ ਸੁਵਿਧਾ ਬਹੁਤ ਮਹੱਤਵ ਰੱਖਦੀ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਉੱਤਰ-ਪੂਰਬ ਭਾਰਤ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ਐਮਰਜੈਂਸੀ ਲੈਂਡਿੰਗ ਸੁਵਿਧਾ

ਐਮਰਜੈਂਸੀ ਲੈਂਡਿੰਗ ਸੁਵਿਧਾ (ਈਐੱਲਐੱਫ) ਉੱਤਰ-ਪੂਰਬ ਭਾਰਤ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ਸੁਵਿਧਾ ਹੈ। ਇਸ ਨੂੰ ਭਾਰਤੀ ਹਵਾਈ ਸੈਨਾ ਦੇ ਤਾਲਮੇਲ ਨਾਲ ਵਿਸ਼ੇਸ਼ ਤੌਰ 'ਤੇ ਐਮਰਜੈਂਸੀ ਦੌਰਾਨ ਫੌਜੀ ਅਤੇ ਨਾਗਰਿਕ ਜਹਾਜ਼ਾਂ ਦੇ ਉਤਰਨ ਅਤੇ ਉਡਾਣ ਭਰਨ ਦੇ ਲਈ ਡਿਜ਼ਾਈਨ ਕੀਤਾ ਅਤੇ ਨਿਰਮਿਤ ਕੀਤਾ ਗਿਆ ਹੈ। ਇਹ ਐਮਰਜੈਂਸੀ ਰਿਸਪਾਂਸ ਦੇ ਲਈ ਇੱਕ ਮਹੱਤਵਪੂਰਨ ਅਸੈੱਟ ਦੇ ਰੂਪ ਵਿੱਚ ਕੰਮ ਕਰੇਗੀ। ਇਸ ਨਾਲ ਉੱਤਰ-ਪੂਰਬ ਵਿੱਚ ਕੁਦਰਤੀ ਆਫ਼ਤਾਂ ਜਾਂ ਰਣਨੀਤਿਕ ਜ਼ਰੂਰਤਾਂ ਦੇ ਦੌਰਾਨ ਬਚਾਅ ਅਤੇ ਰਾਹਤ ਕਾਰਜਾਂ ਦੀ ਤੇਜ਼ੀ ਨਾਲ ਤੈਨਾਤੀ ਸੰਭਵ ਹੋ ਸਕੇਗੀ। ਦੋਹਰੀ ਵਰਤੋਂ ਵਾਲੇ ਇਨਫ੍ਰਾਸਟ੍ਰਕਚਰ ਦੇ ਰੂਪ ਵਿੱਚ ਕਲਪਿਤ ਇਹ ਈਐੱਲਐੱਫ, 40 ਟਨ ਤੱਕ ਦੇ ਲੜਾਕੂ ਜਹਾਜ਼ਾਂ ਅਤੇ 74 ਟਨ ਦੇ ਵੱਧ ਤੋਂ ਵੱਧ ਟੇਕ-ਆਫ਼ ਵਜ਼ਨ ਵਾਲੇ ਟ੍ਰਾਂਸਪੋਰਟ ਜਹਾਜ਼ਾਂ ਦੇ ਸੰਚਾਲਨ ਵਿੱਚ ਸਮਰੱਥ ਹੈ।

ਉੱਤਰ-ਪੂਰਬ ਖੇਤਰ ਦੇ ਲਈ ਰਾਸ਼ਟਰੀ ਡੇਟਾ ਕੇਂਦਰ ਦਾ ਉਦਘਾਟਨ

- ਅਸਾਮ ਦੇ ਕਾਮਰੂਪ ਜ਼ਿਲ੍ਹੇ ਦੇ ਅਮੀਗਾਓਂ ਵਿੱਚ ਉੱਤਰ-ਪੂਰਬ ਖੇਤਰ ਦੇ ਲਈ ਰਾਸ਼ਟਰੀ ਡੇਟਾ ਕੇਂਦਰ ਦਾ ਉਦਘਾਟਨ।
- ਇਹ ਅਤਿਆਧੁਨਿਕ ਡੇਟਾ ਕੇਂਦਰ, ਜਿਸ ਦੀ ਕੁੱਲ ਮਨਜ਼ੂਰ ਸਮਰੱਥਾ 8.5 MW ਅਤੇ ਪ੍ਰਤੀ ਰੈਕ ਔਸਤ ਸਮਰੱਥਾ 10 kW ਹੈ। ਇਹ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਮਹੱਤਵਪੂਰਨ ਮਿਸ਼ਨ-ਕ੍ਰਿਟੀਕਲ ਐਪਲੀਕੇਸ਼ਨ ਨੂੰ ਹੋਸਟ ਕਰੇਗਾ।
- ਇਹ ਹੋਰ ਰਾਸ਼ਟਰੀ ਡੇਟਾ ਕੇਂਦਰਾਂ ਦੇ ਲਈ ਡਿਜ਼ਾਸਟਰ ਰਿਕਵਰੀ ਕੇਂਦਰ ਦੇ ਰੂਪ ਵਿੱਚ ਵੀ ਕੰਮ ਕਰੇਗਾ।
- ਇਸ ਨਾਲ ਉੱਤਰ-ਪੂਰਬ ਦੀਆਂ ਸਰਕਾਰਾਂ ਨੂੰ ਜ਼ਰੂਰੀ ਨਾਗਰਿਕ-ਕੇਂਦ੍ਰਿਤ ਸੇਵਾਵਾਂ ਦੀ ਡਿਜੀਟਲ ਡਿਲੀਵਰੀ ਨੂੰ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ।
- ਇਸ ਰਾਸ਼ਟਰੀ ਡੇਟਾ ਕੇਂਦਰ ਦੀ ਖੇਤਰ ਦੇ ਆਈਸੀਟੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਇੱਕ ਮਜ਼ਬੂਤ, ਸੁਰੱਖਿਅਤ ਅਤੇ ਨਿਰੰਤਰ ਉਪਲਬਧ ਰਹਿਣ ਵਾਲੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣ ਲਈ ਕਲਪਨਾ ਕੀਤੀ ਗਈ ਹੈ।
- ਪ੍ਰਧਾਨ ਮੰਤਰੀ ਮੋਦੀ ਨੇ ਆਈਆਈਐੱਮ ਗੁਵਾਹਾਟੀ ਦਾ ਵੀ ਉਦਘਾਟਨ ਕੀਤਾ ਜੋ ਉੱਤਰ-ਪੂਰਬ ਖੇਤਰ ਵਿੱਚ ਉੱਚ ਸਿੱਖਿਆ ਅਤੇ ਪ੍ਰਬੰਧਨ ਸਿੱਖਿਆ ਨੂੰ ਨਵੀਂ ਉਚਾਈ ਪ੍ਰਦਾਨ ਕਰੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਇਲੈਕਟ੍ਰਿਕ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

- ਪੀਐੱਮ ਈ-ਬੱਸ ਸੇਵਾ ਯੋਜਨਾ ਦੇ ਤਹਿਤ ਗੁਵਾਹਾਟੀ (100), ਨਾਗਪੁਰ (50), ਭਾਵਨਗਰ (50) ਅਤੇ ਚੰਡੀਗੜ੍ਹ (25) ਵਿੱਚ ਕੁੱਲ 225 ਇਲੈਕਟ੍ਰਿਕ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।
- ਇਨ੍ਹਾਂ ਚਾਰ ਸ਼ਹਿਰਾਂ ਵਿੱਚ ਪੀਐੱਮ ਈ-ਬੱਸ ਸੇਵਾ ਦੇ ਸੰਚਾਲਨ ਦੀ ਸ਼ੁਰੂਆਤ ਦੇ ਨਾਲ ਹੀ, 50 ਲੱਖ ਤੋਂ ਵੱਧ ਨਾਗਰਿਕਾਂ ਨੂੰ ਸਵੱਛ, ਕਿਫਾਇਤੀ ਅਤੇ ਭਰੋਸੇਯੋਗ ਪਬਲਿਕ ਟ੍ਰਾਂਸਪੋਰਟ ਸੇਵਾਵਾਂ ਦਾ ਲਾਭ ਮਿਲੇਗਾ।
- ਇਹ ਪਹਿਲ ਸ਼ਹਿਰੀ ਟ੍ਰਾਂਸਪੋਰਟ ਵਿਵਸਥਾ ਵਿੱਚ ਸੁਧਾਰ ਅਤੇ ਜੀਵਨ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਦੇਵੇਗੀ।

ਇਸ ਵਰ੍ਹੇ ਦੇ ਬਜਟ ਵਿੱਚ ਨੌਰਥ ਈਸਟ ਦੀ ਕਨੈਕਟੀਵਿਟੀ ਨੂੰ ਹੋਰ ਵੱਧ ਮਜ਼ਬੂਤੀ ਦੇਣ ਦਾ ਕੰਮ ਕੀਤਾ ਗਿਆ ਹੈ। ਕਨੈਕਟੀਵਿਟੀ ਵਧਦੀ ਹੈ, ਤਾਂ ਰੁਜ਼ਗਾਰ ਦੇ ਮੌਕੇ ਵੀ ਵਧਦੇ ਹਨ। ਇਸ ਲਈ ਅਸਾਮ ਵਿੱਚ ਹਾਈਵੇਅ ਅਤੇ ਹੋਰ ਸੜਕ ਪ੍ਰੋਜੈਕਟਾਂ ਦੇ ਲਈ ਹਜ਼ਾਰਾਂ ਕਰੋੜ ਰੁਪਏ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਬਜਟ ਵਿੱਚ ਜੋ ਘੋਸ਼ਣਾ ਹੋਈ ਹੈ, ਉਸ ਨਾਲ ਅਸਾਮ ਵਿੱਚ ਟੂਰਿਜ਼ਮ ਦਾ ਵੀ ਵਿਸਥਾਰ ਹੋਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਸੰਬੋਧਨ ਵਿੱਚ ਕਿਹਾ ਕਿ ਵਰ੍ਹੇ 2014 ਤੋਂ ਬਾਅਦ, ਨੌਰਥ ਈਸਟ ਦੇ 125 ਤੋਂ ਵੱਧ ਮਹਾਨ ਸ਼ਖਸੀਅਤਾਂ ਨੂੰ ਪਦਮ ਪੁਰਸਕਾਰ ਮਿਲੇ ਹਨ। ਇਹ ਦਿਖਾਉਂਦਾ ਹੈ ਕਿ ਅਸਾਮ ਅਤੇ ਉੱਤਰ-ਪੂਰਬ ਦੀ ਧਰਤੀ ਦੀ ਸਮਰੱਥਾ ਕਿੰਨਾ ਵੱਡੀ ਹੈ। ਨੌਰਥ ਈਸਟ ਦੀ ਇਹੀ ਸਮਰੱਥਾ ਹੁਣ ਵਿਕਸਿਤ ਭਾਰਤ ਦਾ ਬਹੁਤ ਵੱਡਾ ਅਧਾਰ ਹੈ। ■

"ਇੰਡੀਆ ਏਆਈ ਇੰਪੈਕਟ ਸਮਿਟ-ਐਕਸਪੋ 2026"

ਨਵੇਂ ਵਿਚਾਰ, ਨਵੀਨਤਾ ਅਤੇ ਇਰਾਦਿਆਂ ਦਾ ਮਜ਼ਬੂਤ ਸੰਗਮ

ਭਾਰਤ ਤੇਜ਼ੀ ਨਾਲ ਆਰਟੀਫ਼ਿਸੀਅਲ ਇੰਟੈਲੀਜੈਂਸ (ਏਆਈ) ਦੇ ਖੇਤਰ ਵਿੱਚ ਵਿਸ਼ਵਵਿਆਪੀ ਅਗਵਾਈ ਵੱਲ ਅੱਗੇ ਵੱਧ ਰਿਹਾ ਹੈ। ਇਸ ਦਿਸ਼ਾ ਵਿੱਚ ਆਯੋਜਿਤ 'ਇੰਡੀਆ ਏਆਈ ਇੰਪੈਕਟ ਸਮਿਟ ਅਤੇ ਐਕਸਪੋ 2026' ਦੇਸ਼ ਦੀ ਤਕਨੀਕੀ ਸਮਰੱਥਾ, ਨਵੀਨਤਾ ਅਤੇ ਡਿਜ਼ੀਟਲ ਬਦਲਾਅ ਦੇ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸਦਾ 16 ਤੋਂ 20 ਫ਼ਰਵਰੀ ਤੱਕ ਭਾਰਤ ਮੰਡਪਮ ਵਿੱਚ ਆਯੋਜਨ ਕੀਤਾ ਗਿਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅਸੀਂ ਮਿਲ ਕੇ ਅਜਿਹੇ ਸਮਾਧਾਨ ਤਿਆਰ ਕਰਾਂਗੇ, ਜੋ ਸਿਰਫ਼ ਭਾਰਤ ਹੀ ਨਹੀਂ, ਸਗੋਂ ਪੂਰੀ ਦੁਨੀਆ ਲਈ ਹੋਵੇਗੀ ਉਪਯੋਗੀ...

ਗਲੋਬਲ ਸਾਊਥ ਵਿੱਚ ਆਯੋਜਿਤ ਹੋਣ ਵਾਲਾ ਇਹ ਪਹਿਲਾ ਵਿਸ਼ਵਵਿਆਪੀ ਏਆਈ ਸੰਮੇਲਨ ਹੈ, ਜਿਸ ਵਿੱਚ ਬੇਮਿਸਾਲ ਭਾਗੀਦਾਰੀ ਦੇਖੀ ਗਈ। ਇੰਡੀਆ ਏਆਈ ਇੰਪੈਕਟ ਸਮਿਟ ਅਤੇ ਐਕਸਪੋ-2026 ਇਹ ਦਿਖਾਉਂਦਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਕਿਸ ਤਰ੍ਹਾਂ ਸਿਹਤ, ਖੇਤੀਬਾੜੀ, ਸਿੱਖਿਆ, ਨਿਰਮਾਣ, ਖੇਡਾਂ-ਖਿਡੌਣੇ ਅਤੇ ਸੁਸ਼ਾਸਨ ਜਿਹੇ ਖੇਤਰਾਂ ਵਿੱਚ ਅਸਲ ਬਦਲਾਅ ਲਿਆ ਰਿਹਾ ਹੈ। ਵਿਕਸਿਤ ਭਾਰਤ ਦੇ ਸੰਕਲਪ ਨਾਲ ਇਹ ਐਕਸਪੋ ਉਸ ਸੋਚ ਨੂੰ ਵੀ ਸਾਹਮਣੇ ਲਿਆਉਂਦਾ ਹੈ, ਜਿਸ ਵਿੱਚ ਤਕਨੀਕ ਦਾ ਇਸਤੇਮਾਲ ਸਮਾਵੇਸ਼ੀ ਵਿਕਾਸ, ਪਾਰਦਰਸ਼ਿਤਾ ਅਤੇ ਨਾਗਰਿਕਾਂ ਨੂੰ ਸਸ਼ਕਤ ਬਣਾਉਣ ਦੇ ਲਈ ਕੀਤਾ ਜਾ ਰਿਹਾ ਹੈ। ਇਹ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ, ਸਗੋਂ ਏਆਈ ਦੇ ਵਿਵਹਾਰਕ ਉਪਯੋਗ ਦਾ ਮੰਚ ਹੈ, ਜਿੱਥੇ ਨੀਤੀਆਂ ਜ਼ਮੀਨ 'ਤੇ ਉਤਰਦੀਆਂ ਹਨ, ਇਨੋਵੇਸ਼ਨ ਵੱਡੇ ਪੈਮਾਨੇ 'ਤੇ ਲਾਗੂ ਹੁੰਦੇ ਹਨ ਅਤੇ ਤਕਨੀਕ ਦਾ ਲਾਭ ਆਮ ਨਾਗਰਿਕ ਤੱਕ ਪਹੁੰਚਦਾ ਹੈ।

ਭਾਰਤ ਆਪਣੀ 140 ਕਰੋੜ ਜਨਤਾ ਦੀ ਬਦੌਲਤ ਏਆਈ ਪਰਿਵਰਤਨ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਤੋਂ ਲੈ ਕੇ ਜੀਵੰਤ ਸਟਾਰਟਅੱਪ ਈਕੋਸਿਸਟਮ ਅਤੇ ਅਤਿਆਧੁਨਿਕ ਖੋਜ ਤੱਕ, ਏਆਈ ਵਿੱਚ ਸਾਡੀ ਤਰੱਕੀ ਮਹੱਤਵਅਕਾਂਖਿਆ ਅਤੇ ਜ਼ਿੰਮੇਵਾਰੀ ਦੋਵਾਂ ਨੂੰ ਦਰਸਾਉਂਦੀ ਹੈ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਏਆਈ ਐਕਸਪੋ ਅਤੇ ਸਮਿਟ ਦੀਆਂ ਮੁੱਖ ਝਲਕੀਆਂ...

20 ਤੋਂ ਵੱਧ ਰਾਜ ਮੁਖੀ **60** ਮੰਤਰੀ ਅਤੇ **500** ਗਲੋਬਲ ਏਆਈ ਲੀਡਰ ਇਕੱਠੇ ਹੋਏ।

- ਏਆਈ ਇੰਪੈਕਟ ਸਮਿਟ ਤਿੰਨ ਬੁਨਿਆਦੀ ਥੰਮ੍ਹਾਂ ਜਾਂ ਸੂਤਰਾਂ 'ਤੇ ਅਧਾਰਿਤ ਹੈ—ਲੋਕ, ਗ੍ਰਹਿ ਅਤੇ ਪ੍ਰਗਤੀ।
- 70,000 ਵਰਗ ਮੀਟਰ ਤੋਂ ਵੱਧ ਖੇਤਰ ਵਿੱਚ ਫੈਲੇ 10 ਅਰੀਨਾਂ ਵਿੱਚ ਆਯੋਜਿਤ ਇਹ ਸਮਿਟ ਗਲੋਬਲ ਤਕਨਾਲੋਜੀ ਕੰਪਨੀਆਂ, ਸਟਾਰਟਅੱਪਸ, ਅਕਾਦਮਿਕ ਅਤੇ ਖੋਜ ਸੰਸਥਾਵਾਂ, ਕੇਂਦਰੀ ਮੰਤਰਾਲਿਆਂ, ਰਾਜ ਸਰਕਾਰਾਂ ਅਤੇ ਅੰਤਰਰਾਸ਼ਟਰੀ ਭਾਗੀਦਾਰਾਂ ਨੂੰ ਇਕੱਠੇ ਲਿਆਇਆ।
- ਇਸ ਐਕਸਪੋ ਵਿੱਚ ਏਆਈ ਵਿਧੀ ਵਿੱਚ ਅੰਤਰਰਾਸ਼ਟਰੀ ਸਹਿਯੋਗ ਨੂੰ ਪ੍ਰਦਰਸ਼ਿਤ ਕਰਨ ਵਾਲੇ 13 ਦੇਸ਼ਾਂ ਦੇ ਪਵੇਲੀਅਨ ਬਣੇ ਸਨ। ਇਨ੍ਹਾਂ ਵਿੱਚ ਆਸਟ੍ਰੇਲੀਆ, ਜਪਾਨ, ਰੂਸ, ਯੂਨਾਈਟਿਡ ਕਿੰਗਡਮ, ਫ਼ਰਾਂਸ, ਜਰਮਨੀ, ਇਟਲੀ, ਨੀਦਰਲੈਂਡ, ਸਵਿਟਜ਼ਰਲੈਂਡ, ਸਰਬੀਆ, ਐਸਟੋਨੀਆ, ਤਜ਼ਾਕਿਸਤਾਨ ਅਤੇ ਅਫ਼ਰੀਕਾ ਦੇ ਪਵੇਲੀਅਨ ਸ਼ਾਮਲ ਹਨ।
- ਐਕਸਪੋ ਵਿੱਚ 300 ਤੋਂ ਵੱਧ ਚੁਣੇ ਹੋਏ ਪ੍ਰਦਰਸ਼ਨੀ ਮੰਡਪ ਅਤੇ ਲਾਈਵ ਪ੍ਰਦਰਸ਼ਨੀਆਂ ਹੋਈਆਂ।
- ਐਕਸਪੋ ਵਿੱਚ 600 ਤੋਂ ਵੱਧ ਉੱਚ ਸਮੱਰਥਾ ਵਾਲੇ ਸਟਾਰਟਅੱਪਸ ਸ਼ਾਮਲ ਹੋਏ, ਜਿਨ੍ਹਾਂ ਵਿੱਚੋਂ ਕਈ ਵਿਸ਼ਵ ਪੱਧਰ 'ਤੇ ਪ੍ਰਾਸੰਗਿਕ ਅਤੇ ਵਿਆਪਕ ਜਨ ਸੰਚਾਰ ਸਮਾਧਾਨ ਕਰ ਰਹੇ ਹਨ। ਇਹ ਸਟਾਰਟਅੱਪਸ ਅਜਿਹੇ ਉਪਯੁਕਤ ਸਮਾਧਾਨਾਂ ਦਾ ਪ੍ਰਦਰਸ਼ਨ ਕਰਨਗੇ ਜੋ ਪਹਿਲਾਂ ਤੋਂ ਹੀ ਅਸਲ ਦੁਨੀਆ ਵਿੱਚ ਉਪਯੋਗ ਵਿੱਚ ਹਨ।
- ਸਮਿਟ ਏਆਈ ਇੰਪੈਕਟ 2026 ਵਿੱਚ ਅੰਤਰਰਾਸ਼ਟਰੀ ਪ੍ਰਤੀਨਿਧੀਆਂ ਸਮੇਤ 2.5 ਲੱਖ ਤੋਂ ਵੱਧ ਵਿਜ਼ਿਟਰਾਂ ਦੇ ਸ਼ਾਮਲ ਹੋਣ ਦਾ ਅਨੁਮਾਨ ਲਗਾਇਆ ਗਿਆ।
- ਆਯੋਜਨ ਦਾ ਉਦੇਸ਼ ਗਲੋਬਲ ਏਆਈ ਈਕੋਸਿਸਟਮ ਦੇ ਅੰਦਰ ਨਵੀਆਂ ਸਾਂਝੇਦਾਰੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਵਪਾਰਕ ਮੌਕੇ ਪੈਦਾ ਕਰਨਾ ਰਿਹਾ ਸੀ।
- ਸਮਿਟ ਦੇ ਦੌਰਾਨ ਕੁੱਲ 500 ਤੋਂ ਵੱਧ ਸੈਸ਼ਨਾਂ ਦਾ ਆਯੋਜਨ ਹੋਇਆ, ਜਿਸ ਵਿੱਚ 3,250 ਤੋਂ ਵੱਧ ਬੁਲਾਰੇ ਅਤੇ ਪੈਨਲ ਮੈਂਬਰ ਸ਼ਾਮਲ ਹੋਏ।

ਸਮਿਟ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਐਕਸਪੋ ਆਰਟੀਫਿਸ਼ੀਅਲ ਇੰਟੈਲੀਜੈਂਸ, ਭਾਰਤੀ ਪ੍ਰਤਿਭਾ ਅਤੇ ਨਵੀਨਤਾ ਦੀ ਤਾਕਤ ਨੂੰ ਦਿਖਾਉਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਏਆਈ ਦੇ ਖੇਤਰ ਵਿੱਚ ਭਾਰਤ ਦੀ ਤਰੱਕੀ ਦੇਸ਼ ਦੇ ਲਈ ਨਵੇਂ ਅਤੇ ਬਦਲਾਅਕਾਰੀ ਸਮਾਧਾਨ ਤਿਆਰ ਕਰੇਗੀ। ਨਾਲ ਹੀ, ਗਲੋਬਲ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਦੇਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਆਯੋਜਨ ਨੇ ਦੁਨੀਆ ਦੇ ਸਾਹਮਣੇ ਮੁੜ ਤੋਂ ਸਾਬਤ ਕੀਤਾ ਹੈ ਕਿ ਭਾਰਤੀ ਪ੍ਰਤਿਭਾ ਏਆਈ ਦੇ ਭਵਿੱਖ ਨੂੰ ਦਿਸ਼ਾ ਦੇਣ ਵਿੱਚ ਸਮਰੱਥ ਹੈ। ਨਾਲ ਹੀ, ਇਹ ਵੀ ਸਪਸ਼ਟ ਹੋਇਆ ਹੈ ਕਿ ਭਾਰਤ ਏਆਈ ਦਾ ਉਪਯੋਗ ਜ਼ਿੰਮੇਵਾਰੀ ਅਤੇ ਸਮਾਵੇਸ਼ੀ ਤਰੀਕੇ ਨਾਲ, ਮਨੁੱਖ ਭਲਾਈ ਦੇ ਲਈ ਵੱਡੇ ਪੈਮਾਨੇ 'ਤੇ ਕਰਨ ਦੇ ਲਈ ਵਚਨਬੱਧ ਹੈ। ■

...ਤਾਂ ਜੋ ਵਿਕਾਸ ਦੀ ਪ੍ਰੇਰਕ ਸ਼ਕਤੀ ਬਣ ਕੇ ਅਗਵਾਈ ਕਰੇ ਅੱਧੀ ਆਬਾਦੀ

ਅੱਜ ਭਾਰਤ ਸਰਕਾਰ ਮਹਿਲਾਵਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਣ ਨੂੰ ਪ੍ਰਾਥਮਿਕਤਾ ਦੇ ਰਹੀ ਹੈ। ਸਰਕਾਰ ਦੀ ਹਰ ਯੋਜਨਾ ਵਿੱਚ ਮਹਿਲਾਵਾਂ ਦੇ ਸਨਮਾਨ ਦੇ ਨਾਲ-ਨਾਲ ਉਨ੍ਹਾਂ ਦੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਸਸ਼ਕਤੀਕਰਣ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਕਿਉਂਕਿ ਸਰਕਾਰ ਮੰਨਦੀ ਹੈ ਕਿ ਦੇਸ਼ ਦੇ ਤੇਜ਼ ਅਤੇ ਟਿਕਾਊ ਵਿਕਾਸ ਵਿੱਚ ਅੱਧੀ ਆਬਾਦੀ ਦੀ ਸਮਾਨ ਭਾਗੀਦਾਰੀ ਬਹੁਤ ਜ਼ਰੂਰੀ ਹੈ। ਜਿਸ ਦੇਸ਼ ਵਿੱਚ ਵੱਧ ਮਹਿਲਾਵਾਂ ਕਾਰਜਬਲ ਦਾ ਹਿੱਸਾ ਬਣਦੀਆਂ ਹਨ, ਉਸ ਦੀ ਅਰਥਵਿਵਸਥਾ ਹੁੰਦੀ ਹੈ ਓਨੀ ਹੀ ਮਜ਼ਬੂਤ...

ਮਹਿਲਾਵਾਂ ਦੀ ਸਮਾਨ ਭਾਗੀਦਾਰੀ ਅਤੇ ਉਨ੍ਹਾਂ ਦੇ ਅਧਿਕਾਰ ਯਕੀਨੀ ਬਣਾਉਣ ਦੇ ਲਈ ਦੁਨੀਆ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾ ਰਹੀ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ 2026 ਦੀ ਥੀਮ—**'ਸਾਰੀਆਂ ਮਹਿਲਾਵਾਂ ਅਤੇ ਲੜਕੀਆਂ ਦੇ ਲਈ—ਅਧਿਕਾਰ, ਨਿਆਂ ਅਤੇ ਕਾਰਵਾਈ'** ਹੈ। ਲਿੰਗ ਭੇਦ ਤੋਂ ਬਿਨਾਂ ਸਾਰਿਆਂ ਨੂੰ ਅਧਿਕਾਰ ਅਤੇ ਨਿਆਂ ਮਿਲੇ। ਕੋਈ ਵੀ ਪਿੱਛੇ ਨਾ ਰਹਿ ਜਾਵੇ। ਇਸੇ ਦ੍ਰਿਸ਼ਟੀ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਮੌਜੂਦਾ ਕੇਂਦਰ ਸਰਕਾਰ ਮਹਿਲਾਵਾਂ ਅਤੇ ਲੜਕੀਆਂ ਦੇ ਅਧਿਕਾਰਾਂ ਦਾ ਨਾ ਸਿਰਫ਼ ਵਿਸਥਾਰ ਕਰ ਰਹੀ ਹੈ, ਸਗੋਂ ਉਨ੍ਹਾਂ ਨਾਲ ਨਿਆਂ ਹੋਵੇ, ਇਸ ਦੇ ਲਈ ਹਰ ਪੱਧਰ 'ਤੇ ਕਾਰਵਾਈ ਵੀ ਕਰ ਰਹੀ ਹੈ। ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਭਾਗੀਦਾਰੀ ਵਧਾਉਣ ਦੇ ਲਈ ਨਵੀਆਂ ਯੋਜਨਾਵਾਂ ਅਤੇ ਕਈ ਪਹਿਲਕਦਮੀਆਂ ਦੀ ਸ਼ੁਰੂਆਤ ਪਿਛਲੇ ਇੱਕ ਦਹਾਕੇ ਵਿੱਚ ਕੀਤੀ ਗਈ ਹੈ। ਵਰ੍ਹੇ 2047 ਤੱਕ ਵਿਕਸਿਤ ਭਾਰਤ ਦੇ ਜਿਸ ਟੀਚੇ ਦੇ ਨਾਲ ਦੇਸ਼ ਅੱਗੇ ਵੱਧ ਰਿਹਾ ਹੈ ਉਸ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਬਹੁਤ ਮਹੱਤਵਪੂਰਣ ਹੈ। ਇਸ ਲਈ ਬਜਟ ਵੀ ਵਧਾਇਆ ਗਿਆ ਹੈ।

ਦੇਸ਼ ਦੀ ਆਈਟੀਆਈ ਵਿੱਚ 30 ਫੀਸਦੀ ਸੀਟਾਂ ਲੜਕੀਆਂ ਦੇ ਲਈ ਰਿਜ਼ਰਵਡ ਕੀਤੀਆਂ ਗਈਆਂ ਹਨ, ਸੈਨਿਕ ਸਕੂਲ ਦੇ ਦਰਵਾਜ਼ੇ ਲੜਕੀਆਂ ਦੇ ਲਈ ਖੋਲ੍ਹੇ ਗਏ ਹਨ ਅਤੇ ਐੱਨਡੀਏ ਵਿੱਚ ਲੜਕੀਆਂ ਦੀ ਐਂਟਰੀ ਵੀ ਦਿੱਤੀ ਗਈ ਹੈ। ਨਾਲ ਹੀ ਵਿਕਸਿਤ ਭਾਰਤ–ਰੁਜ਼ਗਾਰ ਅਤੇ ਆਜੀਵਿਕਾ ਗਰੰਟੀ ਮਿਸ਼ਨ (ਗ੍ਰਾਮੀਣ) (ਵੀਬੀ-ਜੀ ਰਾਮ ਜੀ) ਐਕਟ, 2025 ਵਿੱਚ ਘੱਟ ਤੋਂ ਘੱਟ ਇੱਕ ਤਿਹਾਈ ਰੁਜ਼ਗਾਰ ਮਹਿਲਾਵਾਂ ਨੂੰ ਦਿੱਤੇ ਜਾਣ ਦੇ ਪ੍ਰਾਵਧਾਨ ਨਾਲ ਰੁਜ਼ਗਾਰ ਦੇ ਮੌਕੇ ਵਧ ਰਹੇ ਹਨ। ਰਾਜਨੀਤਿਕ ਭਾਗੀਦਾਰੀ ਵਧਾਉਣ ਦੇ ਲਈ ਨਾਰੀ ਸ਼ਕਤੀ ਵੰਦਨ ਅਧਿਨਿਯਮ, 2023 ਦੀ ਸੂਚਨਾ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਵਿੱਚ ਮਹਿਲਾਵਾਂ ਦੇ ਨਾਮ ਘਰ ਅਲਾਟ, ਸਾਰੇ ਪ੍ਰਾਵਧਾਨ ਮਹਿਲਾਵਾਂ ਦੇ ਅਧਿਕਾਰਾਂ ਨੂੰ ਮਜ਼ਬੂਤੀ ਦੇ ਰਹੇ ਹਨ। ਸਰਕਾਰ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਅੱਜ ਮਹਿਲਾਵਾਂ ਭਾਰਤ ਦੇ ਸਮਾਜਿਕ-ਆਰਥਿਕ ਦ੍ਰਿਸ਼ ਨੂੰ ਆਕਾਰ ਦੇਣ, ਸਿੱਖਿਆ, ਸਿਹਤ, ਡਿਜ਼ੀਟਲ ਸਮਾਵੇਸ਼ ਅਤੇ ਅਗਵਾਈ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਰਹੀਆਂ ਹਨ।

ਸਰਕਾਰ ਦੇ ਇਨ੍ਹਾਂ ਯਤਨਾਂ ਨਾਲ ਵਧੇ ਮਹਿਲਾਵਾਂ ਦੇ ਅਧਿਕਾਰ

- **ਰਾਜਨੀਤੀ ਵਿੱਚ ਵਧੇਗੀ ਭਾਗੀਦਾਰੀ:** ਨਾਰੀ ਸ਼ਕਤੀ ਵੰਦਨ ਐਕਟ, 2023 (ਸੰਵਿਧਾਨ ਵਿੱਚ 106 ਸੰਸ਼ੋਧਨ) ਸੂਚਿਤ। ਇਸ ਦੇ ਤਹਿਤ ਲੋਕ ਸਭਾ ਅਤੇ ਰਾਸ਼ਟਰ ਰਾਜਧਾਨੀ ਖੇਤਰ ਦਿੱਲੀ ਸਮੇਤ ਸਾਰੇ ਰਾਜਾਂ ਵਿੱਚ ਵਿਧਾਨ ਸਭਾਵਾਂ ਦੀਆਂ 33 ਫੀਸਦੀ ਸੀਟਾਂ ਮਹਿਲਾਵਾਂ ਦੇ ਲਈ ਰਿਜ਼ਰਵ ਹੋਣਗੀਆਂ।
- **ਰੁਜ਼ਗਾਰ ਵਿੱਚ ਨਹੀਂ ਹੋਵੇਗੀ ਅਣਦੇਖੀ:** ਵਿਕਸਿਤ ਭਾਰਤ–ਰੁਜ਼ਗਾਰ ਅਤੇ ਆਜੀਵਿਕਾ ਗਾਰੰਟੀ ਮਿਸ਼ਨ (ਗ੍ਰਾਮੀਣ) (ਵੀਬੀ-ਜੀ ਰਾਮ ਜੀ) ਐਕਟ 2025 ਵਿੱਚ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਯੋਜਨਾ ਵਿੱਚ ਸਿਰਜਿਤ ਰੁਜ਼ਗਾਰਾਂ ਵਿੱਚੋਂ ਘੱਟੋ-ਘੱਟ ਇੱਕ ਤਿਹਾਈ ਰੁਜ਼ਗਾਰ ਮਹਿਲਾਵਾਂ ਨੂੰ ਦਿੱਤੇ ਜਾਣਗੇ।
- **ਬਣ ਰਹੀਆਂ ਹਨ ਘਰ ਦੀਆਂ ਮਾਲਕਣ:** ਪ੍ਰਧਾਨ ਮੰਤਰੀ ਆਵਾਸ ਯੋਜਨਾ–ਗ੍ਰਾਮੀਣ ਮਹਿਲਾਵਾਂ ਦੇ ਮਾਲਕੀ ਹੱਕ ਵਾਲੇ ਘਰ ਦੇਣ 'ਤੇ ਕੇਂਦ੍ਰਿਤ ਹੈ। ਇਹ ਫ਼ੈਸਲਾ ਲਿਆ ਗਿਆ ਹੈ ਕਿ ਕੁਝ ਅਪਵਾਦਾਂ ਨੂੰ ਛੱਡ ਕੇ ਘਰ ਦੀ ਅਲਾਟਮੈਂਟ ਮਹਿਲਾ ਦੇ ਨਾਮ 'ਤੇ ਜਾਂ ਪਤੀ ਅਤੇ ਪਤਨੀ ਦੋਨਾਂ ਦੇ ਸਾਂਝੇ ਨਾਮ 'ਤੇ ਕੀਤੀ ਜਾਵੇਗੀ।
- **ਉੱਚ ਅਹੁਦਿਆਂ 'ਤੇ ਬੈਠਣ ਦਾ ਰਾਹ:** ਕੰਪਨੀ (ਡਾਇਰੈਕਟਰਾਂ ਦੀ ਨਿਯੁਕਤੀ ਅਤੇ ਯੋਗਤਾਵਾਂ) ਨਿਯਮ, 2014 ਵਿੱਚ ਪ੍ਰਾਵਧਾਨ ਹੈ ਕਿ ਹਰੇਕ ਸੂਚੀਬੱਧ ਕੰਪਨੀ ਜਿਸ ਦੀ ਪੂੰਜੀ 100 ਕਰੋੜ ਰੁਪਏ ਤੋਂ ਵੱਧ ਹੈ ਜਾਂ ਕੁੱਲ ਕਾਰੋਬਾਰ 300 ਕਰੋੜ ਰੁਪਏ ਜਾਂ ਉਸ ਤੋਂ ਵੱਧ ਹੈ ਤਾਂ ਘੱਟ ਤੋਂ ਘੱਟ ਇੱਕ ਮਹਿਲਾ ਡਾਇਰੈਕਟਰ ਨਿਯੁਕਤ ਕਰਨਾ ਲਾਜ਼ਮੀ ਹੈ।
- **ਸਥਾਨਕ ਸਰਕਾਰ ਵਿੱਚ ਭਾਗੀਦਾਰੀ ਵਧੀ:** ਹਰੇਕ ਪੰਚਾਇਤ ਵਿੱਚ ਸਿੱਧੇ ਚੋਣਾਂ ਰਾਹੀਂ ਭਰੀਆਂ ਜਾਣ ਵਾਲੀਆਂ ਸੀਟਾਂ ਅਤੇ ਚੇਅਰਪਰਸਨ ਦੇ ਅਹੁਦਿਆਂ 'ਤੇ ਮਹਿਲਾਵਾਂ ਲਈ ਘੱਟ ਤੋਂ ਘੱਟ ਇੱਕ ਤਿਹਾਈ (33%) ਰਿਜ਼ਰਵੇਸ਼ਨ ਲਾਜ਼ਮੀ ਹੈ। ਇਸ ਤੋਂ ਅੱਗੇ ਵੱਧ ਕੇ 21 ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ 50 ਫੀਸਦੀ ਸੀਟਾਂ ਮਹਿਲਾਵਾਂ ਲਈ ਰਿਜ਼ਰਵਡ ਕਰ ਦਿੱਤੀਆਂ ਹਨ। ਮੌਜੂਦਾ ਸਮੇਂ ਵਿੱਚ ਪੰਚਾਇਤਾਂ ਵਿੱਚ ਚੁਣੇ ਹੋਏ 24,41,741 ਪ੍ਰਤੀਨਿਧੀਆਂ ਵਿੱਚੋਂ 12,14,885 (49.75%) ਚੁਣੀਆਂ ਗਈਆਂ ਮਹਿਲਾ ਪ੍ਰਤੀਨਿਧੀਆਂ ਹਨ।

ਮਹਿਲਾਵਾਂ ਦੇ ਸਸ਼ਕਤੀਕਰਣ ਅਤੇ ਨਿਆਂ ਦੇ ਲਈ ਐਕਸ਼ਨ

- **ਨਿਆਂ ਸੰਹਿਤਾ:** ਭਾਰਤੀਯ ਨਯਾਯ ਸੰਹਿਤਾ, 2023 ਵਿੱਚ ਮਹਿਲਾਵਾਂ ਅਤੇ ਬੱਚਿਆਂ ਦੇ ਵਿਰੁੱਧ ਅਪਰਾਧਾਂ ਨੂੰ ਇੱਕ ਜਗ੍ਹਾ ਇਕੱਠਾ ਕੀਤਾ ਗਿਆ ਹੈ। ਮਹਿਲਾਵਾਂ ਅਤੇ ਬੱਚਿਆਂ ਦੇ ਪ੍ਰਤੀ ਹੋਣ ਵਾਲੇ ਅਪਰਾਧਾਂ ਦੀ ਸਜ਼ਾ ਨੂੰ ਸਖ਼ਤ ਕੀਤਾ ਗਿਆ ਹੈ।
- **ਕਾਰਜ ਸਥਾਨ 'ਤੇ ਸਹਾਇਕ ਮਾਹੌਲ:** ਮਹਿਲਾ ਕਰਮਚਾਰੀਆਂ ਦੇ ਲਈ ਅਨੁਕੂਲ ਕਾਰਜ ਵਾਤਾਵਰਨ ਬਣਾਉਣ ਦੇ ਉਦੇਸ਼ ਨਾਲ ਵੇਤਨ ਸੰਹਿਤਾ, ਉਦਯੋਗਿਕ ਕਿਰਤ ਕੋਡ, ਵਪਾਰਕ ਸੁਰੱਖਿਆ, ਸਿਹਤ ਅਤੇ ਵਰਕਿੰਗ ਕੰਡੀਸ਼ਨ ਕੋਡ ਅਤੇ ਸਮਾਜਿਕ ਸੁਰੱਖਿਆ ਸੰਹਿਤਾ ਵਿੱਚ ਕਈ ਸਹਾਇਕ ਪ੍ਰਾਵਧਾਨ ਕੀਤੇ ਗਏ ਹਨ।
- **ਸਿਹਤ 'ਤੇ ਦੇ ਸਕਣ ਵੱਧ ਧਿਆਨ:** 26 ਹਫ਼ਤੇ ਕੀਤੀ ਗਈ ਭੁਗਤਾਨ ਕੀਤੀ ਜਣੇਪਾ ਛੁੱਟੀ 2017 ਵਿੱਚ, ਉਸ ਤੋਂ ਪਹਿਲਾਂ 12 ਹਫ਼ਤਿਆਂ ਦੀ ਸੀ।
- **ਕੰਮਕਾਜ ਵਿੱਚ ਨਿਵਾਸ ਦੀ ਦਿੱਕਤ ਦੂਰ:** 560 ਸਖੀ ਨਿਵਾਸ ਯਾਨੀ ਕੰਮਕਾਜੀ ਮਹਿਲਾ ਹੌਸਟਲ ਦੇਸ਼ ਭਰ ਵਿੱਚ ਚੱਲ ਰਹੇ ਹਨ।
- **ਸੰਕਟ ਵਿੱਚ ਪੁਨਰਵਾਸ:** 413 ਸ਼ਕਤੀ ਸਦਨ ਦੇਸ਼ ਭਰ ਵਿੱਚ ਕਾਰਜਸ਼ੀਲ ਹਨ। ਇਹ ਸੰਕਟਗ੍ਰਸਤ ਮਹਿਲਾਵਾਂ ਦੇ ਲਈ ਏਕੀਕ੍ਰਿਤ ਰਾਹਤ ਅਤੇ ਪੁਨਰਵਾਸ ਕੇਂਦਰ ਹਨ। 13 ਹਜ਼ਾਰ ਮਹਿਲਾਵਾਂ ਨੂੰ ਲਾਭ ਮਿਲ ਰਿਹਾ ਹੈ।
- **ਬੱਚਿਆਂ ਦੀ ਕੇਅਰ:** 14,599 ਆਂਗਣਵਾੜੀ ਸਹਿ ਕ੍ਰੈੱਚ ਕੇਂਦਰ ਮਨਜ਼ੂਰ 2,820 ਕੇਂਦਰ ਦੇਸ਼ ਭਰ ਵਿੱਚ ਕਾਰਜਸ਼ੀਲ ਹਨ।
- **ਗ੍ਰਾਮੀਣ ਆਜੀਵਿਕਾ:** 10.29 ਕਰੋੜ ਮਹਿਲਾਵਾਂ, ਦੀਨਦਿਆਲ ਅੰਤਯੋਦਯ ਯੋਜਨਾ–ਰਾਸ਼ਟਰੀ ਗ੍ਰਾਮੀਣ ਆਜੀਵਿਕਾ ਮਿਸ਼ਨ ਦੇ ਤਹਿਤ ਮਹਿਲਾ ਸਵੈ ਸਹਾਇਤਾ ਸਮੂਹਾਂ ਨਾਲ ਜੁੜੀਆਂ ਹਨ, ਜੋ ਦੇਸ਼ ਦੀ ਗ੍ਰਾਮੀਣ ਸਮਾਜਿਕ-ਆਰਥਿਕ ਦ੍ਰਿਸ਼ ਨੂੰ ਬਦਲ ਰਹੀਆਂ ਹਨ।
- **ਮਿਹਨਤ ਅਤੇ ਦੇਖਭਾਲ ਬੋਝ ਹੋਵੇ ਘੱਟ:** 12 ਕਰੋੜ ਤੋਂ ਵੱਧ ਪਖਾਨਿਆਂ ਦਾ ਸਵੱਛ ਭਾਰਤ ਮਿਸ਼ਨ ਵਿੱਚ ਨਿਰਮਾਣ, 10.49 ਕਰੋੜ ਤੋਂ ਵੱਧ ਮਹਿਲਾਵਾਂ ਨੂੰ ਉੱਜਵਲਾ ਯੋਜਨਾ ਵਿੱਚ ਗੈਸ ਕਨੈਕਸ਼ਨ ਅਤੇ 15.79 ਤੋਂ ਵੱਧ ਗ੍ਰਾਮੀਣ ਪਰਿਵਾਰਾਂ ਨੂੰ ਜਲ ਜੀਵਨ ਮਿਸ਼ਨ ਵਿੱਚ ਨਲ ਕਨੈਕਸ਼ਨ ਨਾਲ ਜੋੜਨ ਦੇ ਕੰਮ ਨੇ ਮਹਿਲਾਵਾਂ ਦੇ ਜੀਵਨ ਨੂੰ ਬਦਲਣ ਵਿੱਚ ਸਹਾਇਤਾ ਕੀਤੀ ਹੈ।
- **ਤਾਂ ਜੋ ਵਧਣ ਅਤੇ ਪੜ੍ਹਨ ਬੇਟੀਆਂ:** 22 ਜਨਵਰੀ ,2015 ਨੂੰ ਬੇਟੀ ਬਚਾਓ ਬੇਟੀ ਪੜ੍ਹਾਓ (ਬੀਬੀਬੀਪੀ) ਯੋਜਨਾ ਸ਼ੁਰੂ ਕੀਤੀ ਗਈ। ਇਸ ਦਾ ਉਦੇਸ਼ ਲਿੰਗ ਅਧਾਰਿਤ ਚੋਣ ਜਨਮ ਨੂੰ ਰੋਕਣਾ, ਬਾਲਿਕਾ ਦੀ ਹੋਂਦ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਬਾਲਿਕਾ ਦੀ ਸਿੱਖਿਆ ਅਤੇ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਲਿੰਗ ਅਨੁਪਾਤ 2014-15 ਵਿੱਚ 918 ਤੋਂ ਵੱਧ ਕੇ 2024-25 ਵਿੱਚ 929 ਹੋਇਆ। ਸਕੂਲਾਂ ਵਿੱਚ ਬਾਲਿਕਾਵਾਂ ਦਾ ਸਕਲ ਨਾਮਾਂਕਣ 2014-15 ਵਿੱਚ 75.51% ਤੋਂ ਵੱਧ ਕੇ 2024-25 ਵਿੱਚ 80.2% ਹੋ ਗਿਆ।
- **ਭਵਿੱਖ ਹੋਵੇ ਸੁਰੱਖਿਅਤ:** 22 ਜਨਵਰੀ 2015 ਨੂੰ ਸੁਕੰਨਿਆ ਸਮ੍ਰਿੱਧੀ ਖਾਤਿਆਂ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ 21 ਸਾਲ ਦੀ ਉਮਰ ਵਿੱਚ ਖਾਤੇ ਮੈਚਯੋਰ ਹੋਣਗੇ। ਜਨਵਰੀ, 2026 ਤੱਕ 4.53 ਕਰੋੜ ਖਾਤੇ ਖੋਲ੍ਹੇ ਗਏ, ਜਿਨ੍ਹਾਂ ਵਿੱਚ 3.33 ਲੱਖ ਕਰੋੜ ਰੁਪਏ ਤੋਂ ਵੱਧ ਰਕਮ ਜਮ੍ਹਾਂ ਹੈ।
- **ਪੋਸ਼ਣ ਵੀ, ਪੜ੍ਹਾਈ ਵੀ:** 10 ਮਈ 2023 ਨੂੰ ਸ਼ੁਰੂ ਕੀਤੇ ਇਸ ਪ੍ਰੋਗਰਾਮ ਦੇ ਲਈ 10 ਲੱਖ ਤੋਂ ਵੱਧ ਆਂਗਣਵਾੜੀ ਕਰਮਚਾਰੀਆਂ ਨੂੰ ਟ੍ਰੇਨਿੰਗ ਦਿੱਤੀ ਗਈ ਤਾਂ ਜੋ ਬਾਲ ਅਵਸਥਾ ਵਿੱਚ ਸਿੱਖਿਆ ਅਤੇ ਪੋਸ਼ਣ ਠੀਕ ਹੋਵੇ। ਦੇਸ਼ ਭਰ ਵਿੱਚ 2.9 ਲੱਖ ਆਂਗਣਵਾੜੀ ਕੇਂਦਰ ਸਰਕਾਰੀ ਸਕੂਲਾਂ ਵਿੱਚ ਸਥਾਪਿਤ ਕੀਤੇ ਗਏ।
- **ਬਾਲ ਵਿਆਹ ਤੋਂ ਮੁਕਤ ਹੋਵੇ ਭਾਰਤ:** 27 ਨਵੰਬਰ 2024 ਨੂੰ ਭਾਰਤ ਸਰਕਾਰ ਨੇ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੀ ਸ਼ੁਰੂਆਤ ਕੀਤੀ। ਜਾਗਰੂਕਤਾ ਪ੍ਰੋਗਰਾਮ 6 ਕਰੋੜ ਤੋਂ ਵੱਧ ਨਾਗਰਿਕਾਂ ਤੱਕ ਪਹੁੰਚਿਆ ਅਤੇ ਬਾਲ ਵਿਆਹ ਮੁਕਤ ਭਾਰਤ ਪੋਰਟਲ 'ਤੇ 28 ਲੱਖ ਤੋਂ ਵੱਧ ਸਹੁੰਆਂ ਲਈਆਂ ਗਈਆਂ।

ਮਹਿਲਾ ਸਸ਼ਕਤੀਕਰਣ ਦੇ ਲਈ ਕੀਤੀਆਂ ਗਈਆਂ ਪਹਿਲਕਦਮੀਆਂ

- ਵਰ੍ਹੇ 2022-23 ਤੋਂ 'ਮਿਸ਼ਨ ਸ਼ਕਤੀ' ਯੋਜਨਾ ਲਾਗੂ ਕੀਤੀ ਜਾ ਰਹੀ ਹੈ। ਇਸ ਦਾ ਉਦੇਸ਼ ਮਹਿਲਾਵਾਂ ਦੀ ਸੁਰੱਖਿਆ, ਰੱਖਿਆ ਅਤੇ ਸਸ਼ਕਤੀਕਰਣ ਦੇ ਲਈ ਕੀਤੇ ਜਾ ਰਹੇ ਯਤਨਾਂ ਨੂੰ ਮਜ਼ਬੂਤ ਕਰਨਾ ਹੈ।
- 'ਸੰਬਲ' ਉਪ ਯੋਜਨਾ ਮਹਿਲਾਵਾਂ ਦੀ ਸੁਰੱਖਿਆ ਅਤੇ ਰੱਖਿਆ ਦੇ ਲਈ ਹੈ। ਇਸ ਵਿੱਚ ਵਨ ਸਟੌਪ ਸੈਂਟਰ, ਮਹਿਲਾ ਹੈਲਪਲਾਈਨ, ਬੇਟੀ ਬਚਾਓ, ਬੇਟੀ ਪੜ੍ਹਾਓ ਅਤੇ ਨਾਰੀ ਅਦਾਲਤ ਸ਼ਾਮਲ ਹਨ।
- 'ਸਾਮਰਥਯ' ਉਪ ਯੋਜਨਾ ਮਹਿਲਾਵਾਂ ਦੇ ਸਸ਼ਕਤੀਕਰਣ ਦੇ ਲਈ ਹੈ। ਇਸ ਵਿੱਚ ਪ੍ਰਧਾਨ ਮੰਤਰੀ ਮਾਤ੍ਰਿ ਵੰਦਨਾ ਯੋਜਨਾ, ਸ਼ਕਤੀ ਸਦਨ, ਸਖੀ ਨਿਵਾਸ, ਪਾਲਣਾ ਅਤੇ ਸੰਕਲਪ-ਮਹਿਲਾ ਸਸ਼ਕਤੀਕਰਣ ਕੇਂਦਰ ਸ਼ਾਮਲ ਹਨ।

...ਤਾਕਿ ਕੌਸ਼ਲ ਨਾਲ ਲੈਸ ਹੋਣ ਲੜਕੀਆਂ ਅਤੇ ਮਹਿਲਾਵਾਂ

- ਕੌਸ਼ਲ ਭਾਰਤ ਮਿਸ਼ਨ ਦੇ ਤਹਿਤ ਦੇਸ਼ ਭਰ ਵਿੱਚ ਕੌਸ਼ਲ ਪ੍ਰੋਗਰਾਮ ਚਲਾਏ ਜਾ ਰਹੇ ਹਨ, ਉਸ ਵਿੱਚ ਟ੍ਰੇਨਿੰਗ ਦੇ ਲਈ ਮਹਿਲਾਵਾਂ ਵੀ ਵਧ-ਚੜ੍ਹ ਕੇ ਸ਼ਾਮਲ ਹੋ ਰਹੀਆਂ ਹਨ।
- ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ, ਜਨ ਸ਼ਿਕਸ਼ਣ ਸੰਸਥਾਨ, ਨੈਸ਼ਨਲ ਅਪ੍ਰੈਂਟਿਸਸ਼ਿਪ ਪ੍ਰੋਮੋਸ਼ਨ ਸਕੀਮ ਅਤੇ ਆਈਟੀਆਈ ਦੁਆਰਾ ਕ੍ਰਾਫਟਮੈਨ ਟ੍ਰੇਨਿੰਗ ਸਕੀਮ ਦੇ ਤਹਿਤ ਪਿਛਲੇ ਦਹਾਕੇ ਵਿੱਚ 1.27 ਕਰੋੜ ਤੋਂ ਵੱਧ ਮਹਿਲਾਵਾਂ ਨੇ ਟ੍ਰੇਨਿੰਗ ਲਈ ਹੈ।
- ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (PMKVY) ਅਧੀਨ ਟ੍ਰੇਨਿੰਗ ਪ੍ਰਾਪਤ ਕੁੱਲ ਸਿਖਿਆਰਥੀਆਂ ਵਿੱਚੋਂ 45% ਤੋਂ ਵੱਧ ਮਹਿਲਾਵਾਂ ਹਨ, ਜਦੋਂ ਕਿ ਉਹ ਜਨ ਸਿੱਖਿਆ ਸੰਸਥਾਨ ਦੁਆਰਾ ਚਲਾਏ ਜਾਂਦੇ ਟ੍ਰੇਨਿੰਗ ਪ੍ਰੋਗਰਾਮਾਂ ਦੇ 83% ਲਾਭਾਰਥੀਆਂ ਦੀ ਨੁਮਾਇੰਦਗੀ ਕਰਦੀਆਂ ਹਨ।

3,327 **ਸਰਗਰਮ ਮਹਿਲਾ ਪਾਇਲਟਾਂ ਦੀ ਸੰਖਿਆ ਹੈ 31 ਦਸੰਬਰ, 2025 ਤੱਕ । ਵਰ੍ਹੇ 2021 (243) ਦੀ ਤੁਲਨਾ ਵਿੱਚ 2025 (461) ਵਿੱਚ ਲਗਭਗ 90% ਵੱਧ ਲਾਇਸੈਂਸ ਜਾਰੀ ਕੀਤੇ ਗਏ।**

ਇੱਥੇ ਝਲਕਦੀ ਹੈ ਮਹਿਲਾਵਾਂ ਦੀ ਆਰਥਿਕ ਸਮਾਵੇਸ਼ਿਤਾ

56% ਪ੍ਰਧਾਨ ਮੰਤਰੀ ਜਨ ਧਨ ਯੋਜਨਾ ਖਾਤਾ।

54% ਬੀਮਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ।

51% ਬੀਮਾ, ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ।

82% ਲੋਨ, ਸਟੈਂਡ ਅੱਪ ਇੰਡੀਆ

67% ਲੋਨ, ਪ੍ਰਧਾਨ ਮੰਤਰੀ ਮੁਦਰਾ ਯੋਜਨਾ

- ਜਨਤਕ ਖੇਤਰ ਦੇ ਬੈਂਕਾਂ ਦੇ ਅੰਕੜਿਆਂ ਦੇ ਅਨੁਸਾਰ, ਪਿਛਲੇ 5 ਵਰ੍ਹਿਆਂ ਦੇ ਦੌਰਾਨ ਪ੍ਰਚੂਨ ਖੇਤਰ ਵਿੱਚ ਮਹਿਲਾ ਕਰਜਦਾਰਾਂ ਦੀ ਭਾਗੀਦਾਰੀ 2.14 ਗੁਣਾ ਅਤੇ ਐੱਮਐੱਸਐੱਮਈ ਖੇਤਰ ਵਿੱਚ 2.62 ਗੁਣਾ ਵਧੀ ਹੈ।

2.94 ਕਰੋੜ ਮਹਿਲਾਵਾਂ ਦੀ ਅਗਵਾਈ ਵਾਲੇ ਸੂਖਮ, ਲਘੂ ਅਤੇ ਦਰਮਿਆਨੇ ਉੱਦਮ (ਐੱਮਐੱਸਐੱਮਈ) ਦੇਸ਼ ਭਰ ਵਿੱਚ ਰਜਿਸਟਰਡ ਹਨ।

3 ਗੁਣਾ ਤੋਂ ਵੱਧ ਹੋਇਆ 6 ਵਰ੍ਹਿਆਂ ਵਿੱਚ ਜੈਂਡਰ ਬਜਟ

ਮੌਜੂਦਾ ਕੇਂਦਰ ਸਰਕਾਰ ਮਹਿਲਾ ਅਗਵਾਈ ਵਿੱਚ ਵਿਕਾਸ ਨੂੰ ਗਤੀ ਦੇ ਰਹੀ ਹੈ ਜਿਸ ਦੇ ਲਈ ਜੈਂਡਰ ਰਿਸਪੌਨਸਿਵ ਗਵਰਨੈਂਸ ਅਤੇ ਬਜਟ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ। ਇਸੇ ਕੜੀ ਵਿੱਚ 2026-27 ਦੇ ਬਜਟ ਵਿੱਚ ਮਹਿਲਾਵਾਂ ਅਤੇ ਕੁੜੀਆਂ ਦੇ ਕਲਿਆਣ ਦੇ ਲਈ ਬਜਟ ਵਿੱਚ 5 ਲੱਖ ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ।



ਨੋਟ: ਅੰਕੜੇ ਲੱਖ ਕਰੋੜ ਰੁਪਏ ਵਿੱਚ।

2026-27 ਦੇ ਬਜਟ ਵਿੱਚ ਮਹਿਲਾਵਾਂ ਲਈ ਖਾਸ

- 1.5 ਲੱਖ ਬਹੁ ਕੌਸ਼ਲ ਦੇਖਭਾਲ ਕਰਨ ਵਾਲਿਆਂ ਨੂੰ ਟ੍ਰੇਨਿੰਗ ਦੇਣ ਦਾ ਪ੍ਰਸਤਾਵ 2026-27 ਦੇ ਬਜਟ ਵਿੱਚ ਕੀਤਾ ਗਿਆ ਹੈ, ਜਿਸ ਨਾਲ ਬਜ਼ੁਰਗਾਂ, ਬੱਚਿਆਂ ਅਤੇ ਸਬੰਧਿਤ ਦੇਖਭਾਲ ਸੇਵਾਵਾਂ ਦੀ ਡਿਲੀਵਰੀ ਬਿਹਤਰ ਹੋਵੇਗੀ।
- ਸਵੈ ਸਹਾਇਤਾ ਉੱਦਮੀ (SHE) ਮਾਰਟਸ ਦੀ ਸਥਾਪਨਾ ਕੀਤੀ ਜਾਵੇਗੀ। ਇਹ ਭਾਈਚਾਰੇ ਦੀ ਮਲਕੀਅਤ ਵਾਲੇ ਸੰਸਾਧਨ , ਮਹਿਲਾਵਾਂ ਦੀ ਅਗਵਾਈ ਵਾਲੇ ਸਵੈ ਸਹਾਇਤਾ ਸਮੂਹਾਂ ਦੇ ਉਤਪਾਦਾਂ ਦੇ ਲਈ ਇੱਕ ਵਿਵਸਥਿਤ ਅਤੇ ਸਥਾਈ ਮਾਰਕਿਟ ਪਹੁੰਚ ਪ੍ਰਦਾਨ ਕਰਨਗੇ।
- ਉੱਚ ਸਿੱਖਿਆ ਵਿੱਚ ਸਮਾਨਤਾ ਅਤੇ ਸੁਰੱਖਿਆ ਦੇ ਲਈ ਹਰੇਕ ਜ਼ਿਲ੍ਹੇ ਵਿੱਚ ਐੱਸਟੀਈਐੱਮ ਸੰਸਥਾਨਾਂ ਵਿੱਚ ਲੜਕੀਆਂ ਦੇ ਹੌਸਟਲ ਦਾ ਪ੍ਰਾਵਧਾਨ ਕੀਤਾ ਗਿਆ ਹੈ। ਉਭਰਦੇ ਅਤੇ ਤਕਨਾਲੋਜੀ-ਅਧਾਰਿਤ ਖੇਤਰਾਂ ਵਿੱਚ ਨੌਜਵਾਨ ਮਹਿਲਾਵਾਂ ਦੀ ਭਾਗੀਦਾਰੀ ਵਧੇਗੀ।

ਪ੍ਰਧਾਨ ਮੰਤਰੀ ਮੋਦੀ ਨੇ ਮਹਿਲਾਵਾਂ ਨੂੰ ਸੌਂਪ ਦਿੱਤੇ ਸਨ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 8 ਮਾਰਚ, 2025 ਨੂੰ ਮਹਿਲਾ ਦਿਵਸ ਦੇ ਮੌਕੇ 'ਤੇ ਭਾਰਤ ਭਰ ਵਿੱਚ ਮਹਿਲਾਵਾਂ ਦੇ ਯੋਗਦਾਨ ਨੂੰ ਸਨਮਾਨ ਦੇਣ ਦੇ ਲਈ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ ਉਨ੍ਹਾਂ ਮਹਿਲਾਵਾਂ ਨੂੰ ਸੌਂਪ ਦਿੱਤੇ ਸਨ, ਜੋ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਤਰੱਕੀ ਕਰ ਰਹੀਆਂ ਹਨ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ, "ਇਹ ਮਹਿਲਾਵਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਹਨ ਅਤੇ ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਉਤਕ੍ਰਿਸ਼ਟਤਾ ਪ੍ਰਾਪਤ ਕੀਤੀ ਹੈ ਲੇਕਿਨ ਇਨ੍ਹਾਂ ਵਿੱਚ ਅੰਤਰਨਿਹਿਤ ਹੈ- ਭਾਰਤ ਦੀ ਨਾਰੀ ਸ਼ਕਤੀ ਦਾ ਕੌਸ਼ਲ। ਉਨ੍ਹਾਂ ਦਾ ਦ੍ਰਿੜ੍ਹ ਸੰਕਲਪ ਅਤੇ ਸਫਲਤਾ ਸਾਨੂੰ ਮਹਿਲਾਵਾਂ ਦੀ ਅਸੀਮ ਸਮਰੱਥਾ ਦੀ ਯਾਦ ਦਿਵਾਉਂਦੀ ਹੈ । ਅੱਜ ਅਤੇ ਹਰ ਰੋਜ਼, ਅਸੀਂ ਵਿਕਸਿਤ ਭਾਰਤ ਨੂੰ ਆਕਾਰ ਦੇਣ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਦੇ ਹਨ।"

ਮਲੇਸ਼ੀਆ ਵਿੱਚ ਭਾਰਤ ਦੇ ਵਰਕਰਾਂ ਦੀ ਸੁਰੱਖਿਆ ਦੇ ਲਈ ਸੋਸ਼ਲ ਸਿਕਿਓਰਿਟੀ ਐਗਰੀਮੈਂਟ, ਟੂਰਿਜ਼ਮ ਲਈ ਗ੍ਰੇਟਿਸ ਈ-ਵੀਜ਼ਾ ਅਤੇ ਡਿਜੀਟਲ ਪੇਮੈਂਟ ਇੰਟਰਫੇਸ UPI ਦਾ ਮਲੇਸ਼ੀਆ ਵਿੱਚ ਲਾਗੂ ਹੋਣਾ, ਇਹ ਸਾਰੇ ਕਦਮ , ਦੋਵੇਂ ਦੇਸ਼ਾਂ ਦੇ ਨਾਗਰਿਕਾਂ ਦੇ ਜੀਵਨ ਨੂੰ ਸਰਲ ਬਣਾਉਣਗੇ। ਕਿਉਂਕਿ ਕੋਈ ਵੀ ਸਾਂਝੇਦਾਰੀ ਤਦ ਹੀ ਤਾਕਤ ਨਾਲ ਸਫਲ ਹੁੰਦੀ ਹੈ, ਜਦੋਂ ਲਾਭ ਸਿੱਧਾ ਆਮ ਲੋਕਾਂ ਤੱਕ ਪਹੁੰਚੇ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਭਾਰਤ-ਮਲੇਸ਼ੀਆ

ਦੋਸਤੀ ਤੋਂ ਰਣਨੀਤਿਕ ਸਾਂਝੇਦਾਰੀ ਤੱਕ

ਭਾਰਤ ਅਤੇ ਮਲੇਸ਼ੀਆ ਦੇ ਦਰਮਿਆਨ ਕੂਟਨੀਤੀ (ਰਾਜਨੀਤਕ) ਸਬੰਧਾਂ ਦੀ ਸ਼ੁਰੂਆਤ 1957 ਵਿੱਚ ਹੋਈ ਸੀ। ਤਦ ਤੋਂ ਦੋਵਾਂ ਦੇਸ਼ਾਂ ਦੇ ਰਿਸ਼ਤੇ ਆਪਸੀ ਸਨਮਾਨ ਅਤੇ ਸਹਿਯੋਗ 'ਤੇ ਅਧਾਰਿਤ ਰਹੇ ਹਨ, ਜਿਨ੍ਹਾਂ ਨੂੰ ਅਗਸਤ 2024 ਵਿੱਚ ਵਿਆਪਕ ਰਣਨੀਤਿਕ ਸਾਂਝੇਦਾਰੀ ਦਾ ਰੂਪ ਦਿੱਤਾ ਗਿਆ। ਇਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ 7 ਅਤੇ 8 ਫ਼ਰਵਰੀ ਨੂੰ ਮਲੇਸ਼ੀਆ ਦੀ ਯਾਤਰਾ 'ਤੇ ਰਹੇ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਦਰਮਿਆਨ ਹੋਏ ਕਈ ਮਹੱਤਵਪੂਰਨ ਸਮਝੌਤੇ ...

ਭਾਰਤ ਅਤੇ ਮਲੇਸ਼ੀਆ ਦੇ ਇਤਿਹਾਸਿਕ ਸਬੰਧਾਂ ਵਿੱਚ ਹਾਲ ਦੇ ਵਰ੍ਹਿਆਂ ਵਿੱਚ ਲਗਾਤਾਰ ਪ੍ਰਗਤੀ ਹੋਈ ਹੈ ਜਿਸ ਵਿੱਚ ਮਲੇਸ਼ੀਆ ਵਿੱਚ ਰਹਿ ਰਹੇ ਲਗਭਗ 30 ਲੱਖ ਪ੍ਰਵਾਸੀ ਭਾਰਤੀਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਮਲੇਸ਼ੀਆ ਦੇ ਪ੍ਰਧਾਨ ਮੰਤਰੀ ਦਾਤੋ ਸੇਰੀ ਅਨਵਰ ਇਬਰਾਹਿਮ ਦੇ ਸੱਦੇ 'ਤੇ ਮਲੇਸ਼ੀਆ ਦੀ ਅਧਿਕਾਰਿਕ ਯਾਤਰਾ 'ਤੇ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਵਰ੍ਹੇ 2015 ਤੋਂ ਬਾਅਦ ਇਹ ਤੀਸਰੀ ਯਾਤਰਾ ਰਹੀ। ਪ੍ਰਧਾਨ ਮੰਤਰੀ ਮੋਦੀ ਦੀ ਇਸ ਦੋ ਦਿਨਾਂ ਯਾਤਰਾ ਦੇ ਦੌਰਾਨ ਦੋਵਾਂ ਦੇਸ਼ਾਂ ਦੇ ਦਰਮਿਆਨ ਵਿਆਪਕ ਰਣਨੀਤਿਕ ਸਾਂਝੇਦਾਰੀ ਨੂੰ ਮਜ਼ਬੂਤੀ ਦੇਣ ਦੇ ਲਈ ਰਾਜਨੀਤਿਕ ਜੁੜਾਅ, ਰੱਖਿਆ, ਸੁਰੱਖਿਆ ਸਹਿਯੋਗ, ਸਮੁੰਦਰੀ ਸਹਿਯੋਗ, ਵਪਾਰ ਅਤੇ ਨਿਵੇਸ਼, ਡਿਜੀਟਲ ਅਰਥਵਿਵਸਥਾ, ਵਿਗਿਆਨ ਅਤੇ ਤਕਨਾਲੋਜੀ, ਊਰਜਾ, ਖੇਤੀਬਾੜੀ, ਸਿਹਤ, ਸਿੱਖਿਆ, ਸੱਭਿਆਚਾਰ, ਟੂਰਿਜ਼ਮ, ਯੁਥ ਐਕਸਚੇਂਜ ਪ੍ਰੋਗਰਾਮ, ਆਰਥਿਕ ਅਤੇ ਨਵੀਨਤਾ ਤੋਂ ਇਲਾਵਾ ਕੁਝ ਨਵੇਂ ਖੇਤਰਾਂ ਵਿੱਚ ਸਹਿਯੋਗ ਦਾ ਵਿਸਤਾਰ ਕਰਨ 'ਤੇ ਵਿਸਤ੍ਰਿਤ ਗੱਲਬਾਤ ਹੋਈ। ਇਹੀ ਨਹੀਂ ਆਪਸੀ ਹਿਤ ਦੇ ਖੇਤਰੀ ਅਤੇ ਵਿਸ਼ਵਵਿਆਪੀ ਘਟਨਾਕ੍ਰਮਾਂ 'ਤੇ ਵੀ ਚਰਚਾ ਹੋਈ। ਇਹ ਯਾਤਰਾ ਭਾਰਤ-ਮਲੇਸ਼ੀਆ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਭਾਰਤ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜੋ ਦੇਸ਼ ਦੀ 'ਐਕਟ ਈਸਟ ਪਾਲਿਸੀ', ਇੰਡੋ-ਪੈਸੀਫਿਕ ਵਿਜ਼ਨ ਅਤੇ ਵਿਜ਼ਨ ਮਹਾਸਾਗਰ ਦਾ ਇੱਕ ਪ੍ਰਮੁੱਖ ਥੰਮ੍ਹ ਹੈ।

ਇਸ ਯਾਤਰਾ ਦੇ ਦੌਰਾਨ ਦੋਵਾਂ ਨੇਤਾਵਾਂ ਨੇ ਭਾਰਤ-ਮਲੇਸ਼ੀਆ ਦੇ ਸਦੀਆਂ ਪੁਰਾਣੇ ਸਬੰਧਾਂ ਅਤੇ ਮਜ਼ਬੂਤ ਜਨਤਕ-ਸੰਪਰਕ ਨੂੰ ਯਾਦ ਕੀਤਾ, ਜੋ ਇਸ ਸਾਂਝੇਦਾਰੀ ਦੀ ਬੁਨਿਆਦ ਹਨ। ਸੈਮੀਕੰਡਕਟਰ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਵਰਗੇ ਉਭਰਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਵੀ ਚਰਚਾ ਹੋਈ। ਪ੍ਰਧਾਨ ਮੰਤਰੀ ਮੋਦੀ ਨੇ ਸੰਸਦੀ ਅਤੇ ਯੂਨੀਵਰਸਿਟੀ ਐਕਸਚੇਂਜ ਦੇ ਮਾਧਿਅਮ ਨਾਲ ਨੌਜਵਾਨਾਂ ਦੇ ਦਰਮਿਆਨ ਜੁੜਾਅ ਨੂੰ ਮਜ਼ਬੂਤ ਕਰਨ ਦਾ ਵੀ ਸੱਦਾ ਦਿੱਤਾ। ਮਲੇਸ਼ੀਆ ਵਿੱਚ ਭਾਰਤ ਦੇ ਪਹਿਲੇ ਵਣਜ਼ ਦੂਤਾਵਾਸ ਦੇ ਖੁੱਲ੍ਹਣ ਨਾਲ ਵਪਾਰਕ ਅਤੇ ਜਨਤਕ-ਸੰਪਰਕ ਸਬੰਧਾਂ ਨੂੰ ਹੋਰ ਮਜ਼ਬੂਤੀ ਮਿਲੇਗੀ। 10ਵੇਂ ਭਾਰਤ-ਮਲੇਸ਼ੀਆ ਸੀਈਓ ਫੋਰਮ ਦੇ ਆਉਟਕਮ ਦਸਤਾਵੇਜ਼ ਨੂੰ ਵੀ ਦੋਵੇਂ ਪੱਖਾਂ ਨੇ ਸਵੀਕਾਰ ਕੀਤਾ।

ਭਾਰਤੀ ਮੂਲ ਦੇ ਲੋਕ ਦੋਵੇਂ ਦੇਸ਼ਾਂ ਨੂੰ ਜੋੜਣ ਵਾਲੇ ਪੁਲ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੁਆਲਾਲੰਪੁਰ ਵਿੱਚ ਇੱਕ ਭਾਈਚਾਰਕ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਉਨ੍ਹਾਂ ਦੇ ਸੁਆਗਤ ਵਿੱਚ ਇੱਥੇ 800 ਤੋਂ ਵੱਧ ਕਲਾਕਾਰਾਂ ਨੇ ਇੱਕ ਸੁਰ ਅਤੇ ਤਾਲ ਦੇ ਨਾਲ ਰਿਕਾਰਡ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਉਨ੍ਹਾਂ ਦੀ ਵਰ੍ਹੇ 2026 ਦੀ ਪਹਿਲੀ ਵਿਦੇਸ਼ ਯਾਤਰਾ ਹੈ। ਤਿਉਹਾਰਾਂ ਦੇ ਇਸ ਮੌਸਮ ਵਿੱਚ ਭਾਰਤੀ ਭਾਈਚਾਰੇ ਦੇ ਵਿੱਚ ਆ ਕੇ ਬਹੁਤ ਖੁਸ਼ ਹਾਂ। ਭਾਰਤ ਅਤੇ ਮਲੇਸ਼ੀਆ ਦੇ ਲੋਕਾਂ ਦੇ ਦਿਲਾਂ ਨੂੰ ਜੋੜਨ ਵਾਲੀਆਂ ਬਹੁਤ ਸਾਰੀਆਂ ਗੱਲਾਂ ਹਨ।

ਦੋਵਾਂ ਦੇਸ਼ਾਂ ਦੀ ਸਮਾਨਤਾ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮਲੇਸ਼ੀਆ ਦੀ ਰੋਟੀ ਕਨਾਈ ਅਤੇ ਭਾਰਤ ਦਾ ਮਾਲਾਬਾਰ ਪਰੌਂਠਾ ਇਕੋ ਜਿਹੇ ਹਨ। ਨਾਰੀਅਲ, ਮਸਾਲੇ ਅਤੇ ਇਥੋਂ ਦੀ ਤੇਹ ਤਾਰਿਕ ਦਾ ਸੁਆਦ ਕੁਆਲਾਲੰਪੁਰ ਅਤੇ ਕੋਚੀ, ਦੋਵੇਂ ਥਾਵਾਂ 'ਤੇ ਇੱਕ ਜਿਹਾ ਹੀ ਮਹਿਸੂਸ ਹੁੰਦਾ ਹੈ। ਦੋਵਾਂ ਦੇਸ਼ਾਂ ਦੇ ਲੋਕ ਇੱਕ-ਦੂਜੇ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਭਾਰਤੀ ਭਾਸ਼ਾਵਾਂ ਅਤੇ ਮਲਯ ਭਾਸ਼ਾ ਵਿੱਚ ਕਈ ਸ਼ਬਦ ਇੱਕੋ ਜਿਹੇ ਹਨ। ਭਾਰਤੀ ਫਿਲਮਾਂ ਅਤੇ ਸੰਗੀਤ ਮਲੇਸ਼ੀਆ ਵਿੱਚ ਬਹੁਤ ਲੋਕਪ੍ਰਿਯ ਹਨ।

ਮਲੇਸ਼ੀਆ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕਾਂ ਨੇ ਸਦੀਆਂ ਤੋਂ ਆਪਣੀਆਂ ਪਰੰਪਰਾਵਾਂ ਨੂੰ ਬਣਾ ਕੇ ਰੱਖਿਆ ਹੈ। 'ਮਨ ਕੀ ਬਾਤ' ਪ੍ਰੋਗਰਾਮ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਂ ਪੂਰੇ ਭਾਰਤ ਨੂੰ ਦੱਸਿਆ ਸੀ ਕਿ ਮਲੇਸ਼ੀਆ ਦੇ 500 ਤੋਂ ਵੱਧ ਸਕੂਲਾਂ ਵਿੱਚ ਬੱਚਿਆਂ ਨੂੰ ਭਾਰਤੀ ਭਾਸ਼ਾਵਾਂ ਸਿਖਾਈਆਂ ਜਾ ਰਹੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਤਮਿਲ ਦੁਨੀਆ ਦੇ ਲਈ ਭਾਰਤ ਦਾ ਤੋਹਫਾ ਹੈ। ਤਮਿਲ ਸਾਹਿਤ ਸਦੀਵੀ ਹੈ, ਤਮਿਲ ਸੰਸਕ੍ਰਿਤੀ ਵਿਸ਼ਵਵਿਆਪੀ ਹੈ। ਤਮਿਲ ਲੋਕਾਂ ਨੇ ਆਪਣੀ ਪ੍ਰਤਿਭਾ ਦੇ ਮਾਧਿਅਮ ਨਾਲ ਮਨੁੱਖਤਾ ਦੀ ਸੇਵਾ ਕੀਤੀ ਹੈ।

ਮਲੇਸ਼ੀਆ ਵਿੱਚ 100 ਤੋਂ ਵੱਧ ਭਾਰਤੀ ਆਈਟੀ ਕੰਪਨੀਆਂ ਕੰਮ ਕਰ ਰਹੀਆਂ ਹਨ, ਜਿਸ ਨਾਲ ਹਜ਼ਾਰਾਂ ਨੌਕਰੀਆਂ ਪੈਦਾ ਹੋਈਆਂ ਹਨ। ਮਲੇਸ਼ੀਆ–ਭਾਰਤ ਡਿਜੀਟਲ ਕੌਂਸਲ ਡਿਜੀਟਲ ਸਹਿਯੋਗ ਦੇ ਲਈ ਨਵੇਂ ਰਸਤੇ ਖੋਲ੍ਹ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਐਲਾਨ ਕੀਤਾ ਕਿ ਭਾਰਤ ਦਾ ਯੂਪੀਆਈ ਸਿਸਟਮ ਜਲਦੀ ਹੀ ਮਲੇਸ਼ੀਆ ਵਿੱਚ ਵੀ ਸ਼ੁਰੂ ਹੋਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਆਪਣੇ ਪ੍ਰਵਾਸੀ ਭਾਈ-ਭੈਣਾਂ ਦਾ ਹਮੇਸ਼ਾ ਖੁੱਲ੍ਹੀ ਬਾਹਾਂ ਨਾਲ ਸੁਆਗਤ ਕਰੇਗਾ। ਉਨ੍ਹਾਂ ਨੇ ਇੱਕ ਇਤਿਹਾਸਿਕ ਫੈਸਲੇ 'ਤੇ ਜ਼ੋਰ ਦਿੰਦਿਆਂ ਹੋਏ ਕਿਹਾ ਕਿ ਹੁਣ ਛੇਵੀਂ ਪੀੜ੍ਹੀ ਤੱਕ ਦੇ ਭਾਰਤੀ ਮੂਲ ਦੇ ਮਲੇਸ਼ੀਆਈ ਨਾਗਰਿਕ ਓਸੀਆਈ (ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ) ਕਾਰਡ ਦੇ ਯੋਗ ਹੋਣਗੇ। ਜਲਦੀ ਹੀ ਮਲੇਸ਼ੀਆ ਵਿੱਚ ਭਾਰਤ ਦਾ ਇੱਕ ਨਵਾਂ ਦੂਤਾਵਾਸ ਵੀ ਖੋਲ੍ਹਿਆ ਜਾਵੇਗਾ, ਜਿਸ ਨਾਲ ਦੋਵਾਂ ਦੇਸ਼ਾਂ ਦੇ ਸਬੰਧ ਹੋਰ ਵੀ ਗੂੜ੍ਹੇ ਹੋਣਗੇ।

ਭਾਰਤ–ਮਲੇਸ਼ੀਆ ਦੇ ਮਹੱਤਵਪੂਰਨ ਸਮਝੌਤੇ...

- ਆਡੀਓ-ਵਿਜ਼ੁਅਲ ਸਹਿ-ਨਿਰਮਾਣ।
- ਭ੍ਰਿਸ਼ਟਾਚਾਰ ਨਾਲ ਨਿਪਟਣਾ ਅਤੇ ਰੋਕਣਾ।
- ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਆ।
- ਆਫ਼ਤ ਪ੍ਰਬੰਧਨ।
- ਸੈਮੀਕੰਡਕਟਰ ਖੇਤਰ।
- ਅੰਤਰਰਾਸ਼ਟਰੀ ਬਿਗ ਕੈਟਸ ਅਲਾਇੰਸ।
- ਵਪਾਰਕ ਸਿੱਖਿਆ ਅਤੇ ਟ੍ਰੇਨਿੰਗ।
- ਭਾਰਤ ਦੇ ਰਾਸ਼ਟਰੀ ਸੁਰੱਖਿਆ ਪਰਿਸ਼ਦ ਸੱਕਤਰੇਤ ਅਤੇ ਮਲੇਸ਼ੀਆ ਦੀ ਰਾਸ਼ਟਰੀ ਸੁਰੱਖਿਆ ਪਰਿਸ਼ਦ ।
- ਸਿਹਤ ਅਤੇ ਚਿਕਿਤਸਾ ਖੇਤਰ ਵਿੱਚ ਸਹਿਯੋਗ

ਪ੍ਰਧਾਨ ਮੰਤਰੀ ਮੋਦੀ ਦੀ ਵਪਾਰ ਪ੍ਰਮੁੱਖਾਂ ਦੇ ਨਾਲ ਮੀਟਿੰਗ

ਮਲੇਸ਼ੀਆ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਚਾਰ ਪ੍ਰਮੁੱਖ ਉਦਯੋਗਪਤੀਆਂ ਦੇ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਮਲੇਸ਼ੀਆਈ ਉਦਯੋਗਪਤੀਆਂ ਨੂੰ ਵਿਸ਼ੇਸ਼ ਤੌਰ 'ਤੇ ਇਨਫ੍ਰਾਸਟ੍ਰਕਚਰ, ਨਵਿਆਉਣਯੋਗ ਊਰਜਾ, ਡਿਜੀਟਲ ਤਕਨਾਲੋਜੀ, ਸੈਮੀਕੰਡਕਟਰ, ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਸਿਹਤ ਸੇਵਾ ਆਦਿ ਖੇਤਰਾਂ ਵਿੱਚ ਭਾਰਤ ਵਿੱਚ ਉਪਲਬਧ ਮੌਕਿਆਂ ਦਾ ਲਾਭ ਉਠਾਉਣ ਦੇ ਲਈ ਪ੍ਰੋਤਸਾਹਿਤ ਕੀਤਾ। ਉਦਯੋਗ ਜਗਤ ਦੇ ਪ੍ਰਮੁੱਖਾਂ ਨੇ ਭਾਰਤ ਸਰਕਾਰ ਦੁਆਰਾ ਵਿਕਸਿਤ ਭਾਰਤ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੀਤੇ ਗਏ ਸੁਧਾਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਭਾਰਤ ਦੀ ਵਿਕਾਸ ਗਾਥਾ ਵਿੱਚ ਦ੍ਰਿੜ੍ਹ ਵਿਸ਼ਵਾਸ ਵਿਅਕਤ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ਾਂ ਦੇ ਸਬੰਧਾਂ ਦੀ ਅਸਲੀ ਤਾਕਤ 'ਪੀਪਲ-ਟੂ-ਪੀਪਲ' ਸਬੰਧ ਹਨ। ਭਾਰਤੀ ਮੂਲ ਦੇ ਲਗਭਗ ਤੀਹ ਲੱਖ ਮਲੇਸ਼ੀਆਈ ਨਾਗਰਿਕ ਦੋਵਾਂ ਦੇਸ਼ਾਂ ਦੇ ਦਰਮਿਆਨ ਲਿਵਿੰਗ ਬ੍ਰਿਜ ਹਨ। ਅੱਤਵਾਦ ਦੇ ਵਿਰੁੱਧ ਦੋਵਾਂ ਦੇਸ਼ਾਂ ਦੀ ਲੜਾਈ ਵਿੱਚ ਮਿੱਤਰ ਦੇਸ਼ਾਂ ਦਾ ਸਾਥ ਬਹੁਤ ਮਾਇਨੇ ਰੱਖਦਾ ਹੈ। ਵਿਸ਼ਵ ਪੱਧਰੀ ਅਸਥਿਰਤਾ ਦੇ ਇਸ ਦੌਰ ਵਿੱਚ ਭਾਰਤ ਅਤੇ ਮਲੇਸ਼ੀਆ, ਜੋ ਸਮੁੰਦਰੀ ਗੁਆਂਢੀ ਹਨ, ਉਨ੍ਹਾਂ ਨੂੰ ਆਪਣੇ ਆਪਸੀ ਸਬੰਧਾਂ ਦੀ ਪੂਰੀ ਸਮਰੱਥਾ ਦਾ ਉਪਯੋਗ ਕਰਨਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਯਾਤਰਾ ਦਾ ਮੂਲ ਸੰਦੇਸ਼ ਇੱਕਦਮ ਸਪਸ਼ਟ ਹੈ ਕਿ ਭਾਰਤ ਮਲੇਸ਼ੀਆ ਦੇ ਨਾਲ ਮਿਲ ਕੇ ਸਬੰਧਾਂ ਨੂੰ ਨਵੇਂ ਪੱਧਰ 'ਤੇ ਲੈ ਜਾਣਾ ਚਾਹੁੰਦਾ ਹੈ। ■

ਆਰਥਿਕ ਸ਼ਕਤੀਆਂ ਦਾ ਸੰਗਮ

ਭਾਰਤ–ਅਮਰੀਕਾ ਵਪਾਰ ਸਮਝੌਤੇ ਨਾਲ ਖੁੱਲ੍ਹੇ ਨਵੇਂ ਮੌਕੇ

ਭਾਰਤ ਨੇ ਪਿਛਲੇ ਕੁਝ ਵਰ੍ਹਿਆਂ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਵਿਸ਼ਵਵਿਆਪੀ ਵਪਾਰ ਦ੍ਰਿਸ਼ ਵਿੱਚ ਸਰਗਰਮ ਅਤੇ ਆਤਮਵਿਸ਼ਵਾਸੀ ਮੌਜੂਦਗੀ ਦਰਜ ਕਰਵਾਈ ਹੈ। ਇਸੇ ਕ੍ਰਮ ਵਿੱਚ ਭਾਰਤ–ਅਮਰੀਕਾ ਵਪਾਰ ਸਮਝੌਤਾ ਇੱਕ ਮਹੱਤਵਪੂਰਨ ਮੀਲ ਪੱਥਰ ਬਣ ਕੇ ਉਭਰਿਆ ਹੈ।ਵਿਸ਼ਵ ਦੀਆਂ ਦੋ ਸਭ ਤੋਂ ਵੱਡੀਆਂ ਲੋਕਤੰਤਰੀ ਅਤੇ ਆਰਥਿਕ ਸ਼ਕਤੀਆਂ ਦੇ ਦਰਮਿਆਨ ਹੋਇਆ ਇਹ ਸਮਝੌਤਾ ਵਪਾਰ, ਨਿਵੇਸ਼, ਤਕਨਾਲੋਜੀ ਅਤੇ ਸਪਲਾਈ ਚੇਨ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ–ਨਾਲ ਵਿਕਸਿਤ ਅਤੇ ਆਤਮ-ਨਿਰਭਰ ਭਾਰਤ ਦੇ ਟੀਚੇ ਨੂੰ ਵੀ ਕਰੇਗਾ ਸਸ਼ਕਤ...

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਫਰਵਰੀ 2025 ਵਿੱਚ ਅਮਰੀਕਾ ਯਾਤਰਾ ਦੇ ਬਾਅਦ ਤੋਂ ਦੋਵਾਂ ਦੇਸ਼ਾਂ ਦਰਮਿਆਨ ਸੰਤੁਲਿਤ ਅਤੇ ਆਪਸੀ ਤੌਰ 'ਤੇ ਦੁਵੱਲੇ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੇ ਲਈ ਨਿਯਮਿਤ ਤੌਰ 'ਤੇ ਚਰਚਾਵਾਂ ਹੋ ਰਹੀਆਂ ਸਨ। ਪਿਛਲੇ ਇੱਕ ਵਰ੍ਹੇ ਵਿੱਚ ਦੋਵਾਂ ਦੇਸ਼ਾਂ ਦੇ ਵਿਚ ਵੱਖ-ਵੱਖ ਪੱਧਰਾਂ 'ਤੇ ਗਹਿਰੀ ਗੱਲਬਾਤ ਹੋਈ ਜਿਸ ਤੋਂ ਬਾਅਦ ਆਪਣੀਆਂ–ਆਪਣੀਆਂ ਅਰਥਵਿਵਸਥਾਵਾਂ ਦੇ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਖੇਤਰਾਂ ਦੀ ਰੱਖਿਆ ਕਰਦੇ ਹੋਏ ਇੱਕ ਇਤਿਹਾਸਿਕ ਵਪਾਰ ਸਮਝੌਤੇ ਵੱਲ ਵਧੇ। ਇਸ ਦਾ ਨਤੀਜਾ ਇਹ ਰਿਹਾ ਕਿ 2 ਫਰਵਰੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਰਮਿਆਨ ਕਈ ਦੁਵੱਲੇ ਅਤੇ ਅੰਤਰਰਾਸ਼ਟਰੀ ਮਹੱਤਵ ਦੇ ਵਿਸ਼ਿਆਂ 'ਤੇ ਚਰਚਾ ਹੋਈ। ਇਸ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਭਾਰਤ ਤੋਂ ਅਮਰੀਕਾ ਨਿਰਯਾਤ ਹੋਣ ਵਾਲੀਆਂ ਵਸਤੂਆਂ 'ਤੇ ਟੈਰਿਫ ਦਰ ਘਟਾ ਕੇ 18% ਕਰਨ ਦਾ ਐਲਾਨ ਕੀਤਾ। ਭਾਰਤੀ ਵਸਤੂਆਂ 'ਤੇ ਜੋ ਟੈਰਿਫ ਤੈਅ ਕੀਤਾ ਗਿਆ ਹੈ ਉਹ ਅਮਰੀਕਾ ਵੱਲੋਂ ਹੋਰ ਕਈ ਮੁਕਾਬਲੇਬਾਜ਼ ਦੇਸ਼ਾਂ 'ਤੇ ਲਗਾਏ ਗਏ ਟੈਰਿਫ ਤੋਂ ਬਹੁਤ ਘੱਟ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਅਤੇ ਅਮਰੀਕਾ ਦੇ ਦਰਮਿਆਨ ਅੰਤਰਿਮ ਵਪਾਰ ਸਮਝੌਤੇ ਦੀ ਰੂਪਰੇਖਾ 'ਤੇ ਹੋਈ ਸਹਿਮਤੀ ਦਾ ਸੁਆਗਤ ਕੀਤਾ। ਇਹ

ਸੰਯੁਕਤ ਰਾਜ ਅਮਰੀਕਾ–ਭਾਰਤ ਦਾ ਸੰਯੁਕਤ ਬਿਆਨ

ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਦੇ ਦਰਮਿਆਨ ਹੋਇਆ ਇਹ ਅੰਤਰਿਮ ਵਪਾਰ ਸਮਝੌਤਾ ਆਪਸੀ ਹਿਤਾਂ ਅਤੇ ਠੋਸ ਨਤੀਜਿਆਂ 'ਤੇ ਅਧਾਰਿਤ ਹੈ। ਨਾਲ ਹੀ ਇਹ ਸੰਤੁਲਿਤ ਵਪਾਰ ਦੇ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਮਰੀਕਾ–ਭਾਰਤ ਦੇ ਦਰਮਿਆਨ ਅੰਤਰਿਮ ਵਪਾਰ ਸਮਝੌਤਿਆਂ ਦੀਆਂ ਪ੍ਰਮੁੱਖ ਸ਼ਰਤਾਂ...

- ਭਾਰਤ ਅਮਰੀਕਾ ਦੇ ਸਾਰੇ ਉਦਯੋਗਿਕ ਸਮਾਨਾਂ ਅਤੇ ਅਮਰੀਕੀ ਖੁਰਾਕ ਅਤੇ ਖੇਤੀਬਾੜੀ ਉਤਪਾਦਾਂ ਦੀ ਇੱਕ ਵਿਸਤ੍ਰਿਤ ਲੜੀ 'ਤੇ ਟੈਰਿਫ ਨੂੰ ਸਮਾਪਤ ਜਾਂ ਘੱਟ ਕਰੇਗਾ। ਇਸ ਵਿੱਚ ਸੁਕੇ ਡਿਸਟੀਲਰਸ ਗ੍ਰੇਨਸ (ਡੀਡੀਜੀ) ਪਸ਼ੂ ਆਹਾਰ ਦੇ ਲਈ ਲਾਲ ਜਵਾਰ, ਮੇਵੇ, ਤਾਜ਼ੇ ਅਤੇ ਪ੍ਰੋਸੈੱਸਡ ਫਲ, ਸੋਇਆਬੀਨ ਤੇਲ, ਸ਼ਰਾਬ ਅਤੇ ਸਪਿਰਿਟ ਅਤੇ ਹੋਰ ਉਤਪਾਦ ਸ਼ਾਮਲ ਹਨ।
- ਅਮਰੀਕਾ 2 ਅਪ੍ਰੈਲ 2025 ਦੇ ਕਾਰਜਕਾਰੀ ਆਦੇਸ਼ ਵਿੱਚ ਸੋਧ ਕਰੇਗਾ, ਇਸ ਦੇ ਤਹਿਤ ਭਾਰਤ ਵਿੱਚ ਬਣੀਆਂ ਵਸਤੂਆਂ 'ਤੇ 18 ਪ੍ਰਤੀਸ਼ਤ ਦੀ ਆਪਸੀ ਟੈਰਿਫ ਦਰ ਲਾਗੂ ਕੀਤੀ ਜਾਵੇਗੀ ਜਿਸ ਵਿੱਚ ਟੈਕਸਟਾਈਲ ਅਤੇ ਲਿਬਾਸ,ਚਮੜਾ ਅਤੇ ਜੁੱਤੇ, ਪਲਾਸਟਿਕ ਅਤੇ ਰਬੜ, ਜੈਵਿਕ ਰਸਾਇਣ, ਘਰੇਲੂ ਸਜਾਵਟ, ਦਸਤਕਾਰੀ ਉਤਪਾਦ ਅਤੇ ਕੁਝ ਮਸ਼ੀਨਰੀ ਸ਼ਾਮਲ ਹਨ।
- ਅਮਰੀਕਾ ਭਾਰਤ ਦੇ ਕੁਝ ਜਹਾਜ਼ਾਂ ਅਤੇ ਜਹਾਜ਼ ਪੁਰਜ਼ਿਆਂ 'ਤੇ ਲਗਾਏ ਗਏ ਟੈਰਿਫ ਨੂੰ ਹਟਾ ਦੇਵੇਗਾ।
- ਅਮਰੀਕਾ ਅਤੇ ਭਾਰਤ ਅਜਿਹੇ ਨਿਰਮਾਣ ਨਿਯਮ ਬਣਾਉਣਗੇ ਜੋ ਇਹ ਯਕੀਨੀ ਬਣਾਉਣਗੇ ਕਿ ਸਮਝੌਤੇ ਦੇ ਲਾਭ ਮੁੱਖ ਤੌਰ 'ਤੇ ਦੋਵੇਂ ਦੇਸ਼ਾਂ ਨੂੰ ਹੀ ਪ੍ਰਾਪਤ ਹੋਣ।
- ਅਮਰੀਕਾ ਅਤੇ ਭਾਰਤ ਦੁਵੱਲੇ ਵਪਾਰ ਨੂੰ ਪ੍ਰਭਾਵਿਤ ਕਰਨ ਵਾਲੀਆਂ ਨੌਨ-ਟੈਰਿਫ ਰੁਕਾਵਟਾਂ ਦਾ ਸਮਾਧਾਨ ਕਰਨਗੇ।
- ਲਾਗੂ ਤਕਨੀਕੀ ਨਿਯਮਾਂ ਦੀ ਪਾਲਣਾ ਨੂੰ ਸੁਗਮ ਬਣਾਉਣ ਦੇ ਉਦੇਸ਼ ਨਾਲ, ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਆਪਸੀ ਤੌਰ 'ਤੇ ਸਹਿਮਤ ਖੇਤਰਾਂ ਦੇ ਲਈ ਆਪਣੇ-ਆਪਣੇ ਮਿਆਰਾਂ ਅਤੇ ਅਨੁਕੂਲ ਮੁਲਾਂਕਣ ਪ੍ਰਕਿਰਿਆਵਾਂ 'ਤੇ ਚਰਚਾ ਕਰਨਗੇ।
- ਨਿਰਧਾਰਿਤ ਟੈਰਿਫ ਵਿੱਚ ਕਿਸੇ ਵੀ ਤਰ੍ਹਾਂ ਦੇ ਬਦਲਾਅ ਦੀ ਸਥਿਤੀ ਵਿੱਚ ਅਮਰੀਕਾ ਅਤੇ ਭਾਰਤ ਇਸ ਗੱਲ 'ਤੇ ਸਹਿਮਤ ਹਨ ਕਿ ਦੂਸਰਾ ਦੇਸ਼ ਆਪਣੀਆਂ ਪ੍ਰਤੀਬੱਧਤਾਵਾਂ ਵਿੱਚ ਬਦਲਾਅ ਕਰ ਸਕਦਾ ਹੈ।
- ਅਮਰੀਕਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹ ਬੀਟੀਏ ਦੀ ਗੱਲਬਾਤ ਦੇ ਦੌਰਾਨ ਭਾਰਤੀ ਉਤਪਾਦਾਂ 'ਤੇ ਟੈਰਿਫ ਘੱਟ ਕਰਨ ਦੇ ਭਾਰਤ ਦੀ ਬੇਨਤੀ ਨੂੰ ਧਿਆਨ ਵਿੱਚ ਰੱਖੇਗਾ।
- ਅਮਰੀਕਾ-ਭਾਰਤ ਆਰਥਿਕ ਸੁਰੱਖਿਆ ਦੀ ਰੂਪਰੇਖਾ ਨੂੰ ਮਜ਼ਬੂਤ ਕਰਨ 'ਤੇ ਸਹਿਮਤ ਹੋਏ ਹਨ ਤਾਂ ਜੋ ਸਪਲਾਈ ਚੇਨਾਂ ਦੀ ਲਚਕਤਾ ਅਤੇ ਨਵੀਨਤਾ ਨੂੰ ਵਧਾਇਆ ਜਾ ਸਕੇ। ਇਸ ਦੇ ਲਈ ਤੀਸਰੀ ਧਿਰ ਦੀ ਗੈਰ-ਬਜ਼ਾਰ ਨੀਤੀਆਂ ਨਾਲ ਨਜਿੱਠਣ ਦੇ ਲਈ ਪੂਰਕ ਕਾਰਵਾਈ ਕੀਤੀ ਜਾਵੇਗੀ।
- ਭਾਰਤ ਅਗਲੇ ਪੰਜ ਵਰ੍ਹਿਆਂ ਵਿੱਚ ਅਮਰੀਕਾ ਤੋਂ 500 ਬਿਲੀਅਨ ਡਾਲਰ ਦੇ ਊਰਜਾ ਉਤਪਾਦ, ਜਹਾਜ਼ ਅਤੇ ਜਹਾਜ਼ ਦੇ ਪੁਰਜ਼ੇ, ਕੀਮਤੀ ਧਾਤੂਆਂ, ਤਕਨੀਕੀ ਉਤਪਾਦ ਅਤੇ ਕੋਕਿੰਗ ਕੋਲਾ ਖਰੀਦੇਗਾ।

ਸਮਝੌਤਾ ਦੋਵਾਂ ਦੇਸ਼ਾਂ ਦੇ ਵਿੱਚ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਿਅਕਤੀਗਤ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਨਾਲ ਹੀ ਇਹ ਭਾਰਤ–ਅਮਰੀਕਾ ਸਾਂਝੇਦਾਰੀ ਦੀ ਵਧਦੀ ਗਹਿਰਾਈ, ਵਿਸ਼ਵਾਸ ਅਤੇ ਗਤੀਸ਼ੀਲਤਾ ਦਾ ਨਤੀਜਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਸਮਝੌਤਾ ਕਿਸਾਨਾਂ, ਉੱਦਮੀਆਂ, ਲਘੂ ਅਤੇ ਦਰਮਿਆਨੇ ਉਦਯੋਗਾਂ, ਸਟਾਰਟਅੱਪਸ ਇਨੋਵੇਟਰਸ ਅਤੇ ਮਛੇਰਿਆ ਦੇ ਲਈ ਨਵੇਂ ਮੌਕੇ ਖੋਲ੍ਹ ਕੇ 'ਮੇਕ ਇਨ ਇੰਡੀਆ' ਦੀ ਪਰਿਕਲਪਨਾ ਨੂੰ ਮਜ਼ਬੂਤ ਕਰੇਗਾ। ਨਾਲ ਹੀ ਮਹਿਲਾਵਾਂ ਅਤੇ ਨੌਜਵਾਨਾਂ ਲਈ ਵੱਡੇ ਪੈਮਾਨੇ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰੇਗਾ। ਨਿਵੇਸ਼

ਭਾਰਤ–ਯੂਐੱਸਏ ਵਪਾਰ ਸਮਝੌਤੇ ਦੇ ਮੁੱਖ ਬਿੰਦੂ

30 ਟ੍ਰਿਲੀਅਨ ਡਾਲਰ ਦੇ ਅਮਰੀਕੀ ਬਜ਼ਾਰ ਵਿੱਚ ਭਾਰਤ ਨੂੰ ਪ੍ਰਾਥਮਿਕਤਾ ਵਾਲੇ ਸਾਂਝੇਦਾਰਾਂ ਦੇ ਰੂਪ ਵਿੱਚ ਪਹੁੰਚ ਮਿਲੀ।

- ਟੈਕਸਟਾਈਲ ਅਤੇ ਲਿਬਾਸ 'ਤੇ ਟੈਰਿਫ 50% ਤੋਂ ਘਟਾ ਕੇ 18% ਤੱਕ ਹੋਇਆ, ਰੇਸ਼ਮ ਦੀ 133 ਬਿਲੀਅਨ ਡਾਲਰ ਦੇ ਅਮਰੀਕੀ ਬਜ਼ਾਰ ਵਿੱਚ 0% ਆਯਾਤ ਟੈਰਿਫ 'ਤੇ ਪਹੁੰਚ ।
- ਮਸ਼ੀਨਾਂ 'ਤੇ ਟੈਰਿਫ ਘਟਾ ਕੇ 18% ਕੀਤਾ ਗਿਆ, ਜਿਸ ਨਾਲ 477 ਬਿਲੀਅਨ ਡਾਲਰ ਦੇ ਅਮਰੀਕੀ ਬਜ਼ਾਰ ਵਿੱਚ ਮੌਕੇ ਖੁੱਲ੍ਹਣਗੇ।
- 1.36 ਬਿਲੀਅਨ ਅਮਰੀਕੀ ਡਾਲਰ ਦੇ ਭਾਰਤੀ ਖੇਤੀਬਾੜੀ ਨਿਰਯਾਤ ਨੂੰ ਅਮਰੀਕਾ ਵਿੱਚ ਕੋਈ ਅਡੀਸ਼ਨਲ ਡਿਊਟੀ ਨਹੀਂ ਦੇਣੀ ਹੋਵੇਗੀ।
- ਮਸਾਲੇ, ਚਾਹ, ਕੌਫੀ, ਫਲ, ਮੇਵੇ ਅਤੇ ਪ੍ਰੋਸੈੱਸਡ ਖਾਦ ਪਦਾਰਥਾਂ ਵਰਗੇ ਪ੍ਰਮੁੱਖ ਉਤਪਾਦਾਂ ਨੂੰ ਜ਼ੀਰੋ ਡਿਊਟੀ ਵਾਲੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।
- ਡੇਅਰੀ, ਮਾਸ, ਪੋਲਟਰੀ ਅਤੇ ਅਨਾਜ ਵਰਗੇ ਬਹੁਤ ਜ਼ਿਆਦਾ ਸੰਵੇਦਨਸ਼ੀਲ ਖੇਤਰ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਰਹਿਣਗੇ।

> ਪਿਆਰੇ ਮਿੱਤਰ ਰਾਸ਼ਟਰਪਤੀ ਟਰੰਪ ਨਾਲ ਗੱਲ ਕਰਕੇ ਬਹੁਤ ਚੰਗਾ ਲਗਿਆ। ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਹੁਣ ਭਾਰਤ ਵਿੱਚ ਬਣੇ ਉਤਪਾਦਾਂ 'ਤੇ ਟੈਰਿਫ ਘਟਾ ਕੇ 18 ਪ੍ਰਤੀਸ਼ਤ ਹੋ ਜਾਵੇਗਾ। ਜਦੋਂ ਦੋ ਵੱਡੀਆਂ ਅਰਥਵਿਵਸਥਾਵਾਂ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਇਕੱਠੇ ਮਿਲ ਕੇ ਕੰਮ ਕਰਦੇ ਹਨ ਤਾਂ ਇਸ ਨਾਲ ਸਾਡੇ ਲੋਕਾਂ ਨੂੰ ਲਾਭ ਹੁੰਦਾ ਹੈ। ਆਪਸੀ ਤੌਰ 'ਤੇ ਲਾਭਦਾਇਕ ਸਹਿਯੋਗ ਦੇ ਅਪਾਰ ਮੌਕੇ ਖੁੱਲ੍ਹਦੇ ਹਨ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਤੀਯੋਗੀ ਦੇਸ਼ਾਂ 'ਤੇ ਅਮਰੀਕੀ ਟੈਰਿਫ

ਭਾਰਤ–ਅਮਰੀਕਾ ਅੰਤਰਿਮ ਵਪਾਰ ਸਮਝੌਤੇ ਵਿੱਚ ਦੂਸਰੇ ਪ੍ਰਤੀਯੋਗੀ ਦੇਸ਼ਾਂ ਦੀ ਤੁਲਨਾ ਵਿੱਚ ਘੱਟ ਟੈਰਿਫ ਲਗਾਇਆ ਗਿਆ ਹੈ। ਕਈ ਪ੍ਰਤੀਯੋਗੀ ਨਿਰਯਾਤਕ ਦੇਸ਼ ਅਮਰੀਕੀ ਬਜ਼ਾਰ ਵਿੱਚ ਹੁਣ ਵੀ ਜ਼ਿਆਦਾ ਟੈਰਿਫ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਵਿੱਚ ਚੀਨ (35%),ਵੀਅਤਨਾਮ (20%),ਬੰਗਲਾਦੇਸ਼ (20%), ਮਲੇਸ਼ੀਆ (19%), ਇੰਡੋਨੇਸ਼ੀਆ (19%), ਫਿਲੀਪੀਨਸ (19%), ਕੰਬੋਡੀਆ (19%) ਅਤੇ ਥਾਈਲੈਂਡ (19%) ਸ਼ਾਮਲ ਹਨ।

ਇਨ੍ਹਾਂ ਭਾਰਤੀ ਵਸਤੂਆਂ 'ਤੇ ਅਮਰੀਕਾ ਵਿੱਚ ਟੈਰਿਫ ਹੋਇਆ ਘੱਟ

ਚਮੜਾ ਅਤੇ ਜੁੱਤੇ, ਰਤਨ ਅਤੇ ਗਹਿਣੇ, ਘਰੇਲੂ ਫਰਨੀਚਰ, ਖਿਡੌਣੇ ਮਸ਼ੀਨਰੀ ਅਤੇ ਪੁਰਜ਼ੇ (ਜਹਾਜ਼ ਦੇ ਪੁਰਜ਼ਿਆਂ ਨੂੰ ਛੱਡ ਕੇ) ।

ਖੇਤੀਬਾੜੀ ਨਿਰਯਾਤ ਦੇ ਲਈ ਜ਼ੀਰੋ ਡਿਊਟੀ ਪਹੁੰਚ

ਅਮਰੀਕਾ 1.36 ਬਿਲੀਅਨ ਅਮਰੀਕੀ ਡਾਲਰ ਦੇ ਭਾਰਤੀ ਨਿਰਯਾਤ 'ਤੇ ਕੋਈ ਅਡੀਸ਼ਨਲ ਡਿਊਟੀ ਨਹੀਂ ਲਗਾਏਗਾ। ਜਿਨ੍ਹਾਂ ਉਤਪਾਦਾਂ ਨੂੰ ਫਾਇਦਾ ਹੋਵੇਗਾ, ਉਨ੍ਹਾਂ ਵਿੱਚ ਮਸਾਲੇ, ਚਾਹ ਅਤੇ ਕੌਫੀ ਅਤੇ ਉਨ੍ਹਾਂ ਦੇ ਅਰਕ, ਖੋਪਰਾ ਅਤੇ ਨਾਰੀਅਲ ਦਾ ਤੇਲ, ਵਨਸਪਤੀ ਮੋਮ, ਸੁਪਾਰੀ, ਬ੍ਰਾਜ਼ੀਲ ਨਟਸ, ਕਾਜੂ ਅਤੇ ਸ਼ਾਹਬਲੂਤ ਜਿਹੇ ਮੇਵੇ, ਐਵਾਕਾਡੋ, ਕੇਲੇ, ਅਮਰੂਦ, ਅੰਬ, ਕੀਵੀ, ਪਪੀਤਾ, ਅਨਾਨਾਸ, ਸ਼ਿਟਾਕੇ ਅਤੇ ਮਸ਼ਰੂਮ ਸਮੇਤ ਫਲ ਅਤੇ ਸਬਜ਼ੀਆਂ, ਜੌਂ ਅਤੇ ਕੈਨਰੀ ਬੀਜ ਜਿਹੇ ਅਨਾਜ, ਬੇਕਰੀ ਉਤਪਾਦ, ਕੋਕੋ ਅਤੇ ਕੋਕੋ ਤੋਂ ਬਣੇ ਉਤਪਾਦ, ਤਿਲ ਅਤੇ ਖਸਖਸ, ਫਲਾਂ ਦਾ ਗੁੱਦਾ, ਜੂਸ ਅਤੇ ਜੈਮ ਵਰਗੇ ਪ੍ਰੋਸੈੱਸਡ ਫੂਡ ਸ਼ਾਮਲ ਹਨ।

ਪਿਛਲੇ ਕੁਝ ਵਰ੍ਹਿਆਂ ਵਿੱਚ ਭਾਰਤ ਦਾ ਇੰਨ੍ਹਾਂ ਦੇਸ਼ਾਂ ਦੇ ਨਾਲ ਹੋਇਆ ਵਪਾਰ ਸਮਝੌਤਾ

ਯੂਰੋਪੀਅਨ ਯੂਨੀਅਨ ਦੇ ਨਾਲ-ਨਾਲ ਭਾਰਤ ਸਰਕਾਰ ਨੇ 2014 ਤੋਂ ਮੌਰੀਸ਼ਸ, ਸੰਯੁਕਤ ਅਰਬ ਅਮੀਰਾਤ, ਬ੍ਰਿਟੇਨ, ਓਮਾਨ ਅਤੇ ਆਸਟ੍ਰੇਲੀਆ ਦੇ ਨਾਲ ਵਪਾਰ ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ ਅਤੇ ਨਿਊਜ਼ੀਲੈਂਡ ਦੇ ਨਾਲ ਵਪਾਰ ਸਮਝੌਤਿਆਂ ਦੀ ਘੋਸ਼ਣਾ ਕੀਤੀ ਹੈ। 2025 ਵਿੱਚ ਭਾਰਤ ਨੇ ਓਮਾਨ ਅਤੇ ਯੂਕੇ ਨਾਲ ਵੀ ਵਪਾਰ ਸਮਝੌਤੇ 'ਤੇ ਹਸਤਾਖਰ ਕੀਤੇ।

ਅਤੇ ਤਕਨਾਲੋਜੀ ਸਾਂਝੇਦਾਰੀ ਮਜ਼ਬੂਤ ਹੋਵੇਗੀ, ਸੁਚਾਰੂ ਅਤੇ ਭਰੋਸੇਯੋਗ ਸਪਲਾਈ ਚੇਨਾਂ ਨੂੰ ਮਜ਼ਬੂਤੀ ਮਿਲੇਗੀ ਅਤੇ ਗਲੋਬਲ ਵਿਕਾਸ ਵਿੱਚ ਵੀ ਯੋਗਦਾਨ ਦੇਵੇਗੀ।

ਵਪਾਰਕ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਸੰਸਦ ਵਿੱਚ ਕਿਹਾ ਕਿ ਭਾਰਤ–ਅਮਰੀਕਾ ਦੇ ਦਰਮਿਆਨ ਹੋਏ ਵਪਾਰ ਸਮਝੌਤੇ ਨਾਲ ਭਾਰਤੀ ਨਿਰਯਾਤਕਾਂ, ਖ਼ਾਸ ਤੌਰ 'ਤੇ ਸ਼੍ਰਮ ਪ੍ਰਧਾਨ ਅਤੇ ਨਿਰਮਾਣ ਖੇਤਰਾਂ ਨੂੰ ਮਹੱਤਵਪੂਰਨ ਲਾਭ ਮਿਲੇਗਾ। ਸਮਝੌਤਿਆਂ ਵਿੱਚ ਖਾਦ ਅਤੇ ਖੇਤੀਬਾੜੀ ਖੇਤਰ ਵਿੱਚ ਭਾਰਤ ਦੀ ਪ੍ਰਮੁੱਖ ਸੰਵੇਦਨਸ਼ੀਲਤਾ ਦਾ ਵੀ ਧਿਆਨ ਰੱਖਿਆ ਗਿਆ ਹੈ। ਨਾਲ ਹੀ, ਲਘੂ ਅਤੇ ਦਰਮਿਆਨੇ ਉਦਯੋਗਾਂ, ਉੱਦਮੀਆਂ, ਕੁਸ਼ਲ ਮਜ਼ਦੂਰਾਂ ਅਤੇ ਉਦਯੋਗ ਖੇਤਰ ਦੇ ਲਈ ਨਵੇਂ ਮੌਕੇ ਖੁੱਲ੍ਹਣਗੇ। ਭਾਰਤ ਦੇ "ਮੇਕ ਇਨ ਇੰਡੀਆ ਫੋਰ ਦ ਵਰਲਡ" ਅਤੇ ਡਿਜ਼ਾਈਨ ਇਨ ਇੰਡੀਆ ਫਾਰ ਦ ਵਰਲਡ, ਅਤੇ "ਇਨੋਵੇਟ ਇਨ ਇੰਡੀਆ ਫੋਰ ਦ ਵਰਲਡ" ਦੇ ਵਿਜ਼ਨ ਨੂੰ ਸਾਕਾਰ ਕਰਨ ਵਿੱਚ ਮਦਦ ਮਿਲੇਗੀ। ਭਾਰਤ ਦੀ ਊਰਜਾ ਜ਼ਰੂਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ। ਲਿਹਾਜਾ ਵਿਕਲਪਿਕ ਬਜ਼ਾਰ ਅਤੇ ਬਦਲਦੇ ਅੰਤਰਰਾਸ਼ਟਰੀ ਹਾਲਾਤਾਂ ਦੇ ਅਨੁਸਾਰ ਊਰਜਾ ਸਰੋਤਾਂ ਵਿੱਚ ਵਿਭਿੰਨਤਾ ਲਿਆਉਣਾ ਜ਼ਰੂਰੀ ਹੈ। ਵਣਜ ਮੰਤਰੀ ਨੇ ਸੰਸਦ ਵਿੱਚ ਸਪਸ਼ਟ ਕੀਤਾ ਕਿ ਦੋਵੇਂ ਪੱਖ ਵਪਾਰ ਸਮਝੌਤਿਆਂ ਨਾਲ ਸਬੰਧਿਤ ਲੋੜੀਂਦੀ ਤਕਨੀਕੀ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਅਤੇ ਕਾਗਜ਼ੀ ਕਾਰਵਾਈ ਨੂੰ ਅੰਤਿਮ ਰੂਪ ਦੇਣ ਦੇ ਲਈ ਮਿਲ ਕੇ ਕੰਮ ਕਰਨਗੇ। ■

Narendra Modi @narendramodi

यह हमारे लिए अत्यंत गर्व की बात है कि India AI Impact Summit के लिए दुनियाभर से लोग भारत आ रहे हैं। इससे हमारे देश के युवाओं के सामर्थ्य का भी पता चलता है। यह अवसर इस बात का भी प्रमाण है कि हमारा देश विज्ञान और टेक्नोलॉजी के क्षेत्र में तेजी से प्रगति कर रहा है और वैश्विक विकास में अहम योगदान दे रहा है।

दाने तपसि शौचं च विज्ञानं विनये नये।

विस्मयो न हि कर्तव्यो बहुरत्ना वसुन्धरा।।

Rajnath Singh
@rajnathsingh

राष्ट्र की सुरक्षा का अर्थ, केवल उसकी भौगोलिक सीमाओं की रक्षा नहीं है। एक राष्ट्र की सांस्कृतिक अस्मिता की रक्षा, एक राष्ट्र की सभ्यतागत चेतना की सुरक्षा भी उतनी ही महत्वपूर्ण है। ऐसे में हमारे संत सदियों से भारत की सांस्कृतिक धारा के संरक्षक हैं।

Amit Shah @AmitShah

जो PM गरीब कल्याण अन्न योजना देश के गरीबों के कल्याण का माध्यम बनी है, वह टेक्नोलॉजी से संपन्न होकर और भी अधिक पारदर्शी बनने जा रही है। गांधीनगर (गुजरात) में सेंट्रल बैंक डिजिटल करेंसी (CBDC) आधारित सार्वजनिक वितरण व्यवस्था का शुभारंभ किया। इससे देश भर में PDS आधुनिक व सरल बनेगा और मोदी जी के 'मिनिमम गवर्नमेंट, मैक्सिमम गवर्नेंस' के संकल्प को जमीन पर उतारेगा।

साथ ही पोषण, अन्नपूर्ति मशीन व उपभोक्ता हित से जुड़ी अन्य 5 योजनाओं का लोकार्पण किया व 'गरिमा पोषण' कार्यक्रम की राशि वितरित की।

Nitin Gadkari
@nitin_gadkari

खादी, हथकरघा और हस्तशिल्पों को बढ़ावा देने के लिए 'महात्मा गांधी ग्राम स्वराज योजना' की पहल का ऐतिहासिक निर्णय #ViksitBharatBudget में लिया गया है। इस योजना के जरिए खादी, हैंडलूम और हैंडीक्राफ्ट को ग्लोबल मार्केटिंग से जोड़ा जाएगा, बुनकरों को बेहतर ट्रेनिंग मिलेगी जिससे ग्रामीण अर्थव्यवस्था को मजबूती मिलेगी।

#UnionBudget2026

Sarbananda Sonowal @sarbana...

Gratitude to Hon'ble PM Shri @narendramodi ji for inspiring thousands of grassroots BJP karyakartas at the Booth Vijay Sankalp Sabha in Guwahati.

PM Modi ji gave the mantra of reaching every doorstep to take the message of development to all. Under his leadership, we are set for a rousing third term in Assam.

#PMModiInAssam

Gajendra Singh Shekhawat @gs...

किसान पहले, देश सर्वोपरि! 🌾🇮🇳

मोदी सरकार की स्पष्ट नीति — किसान हित से कोई समझौता नहीं।

भारत-अमेरिका ट्रेड डील में साफ संदेश: रागी, गेहूं, चावल, ज्वार, बाजरा, मक्का, कोदो, सांवा, कंगनी, ओट्स, अमरनाथ और नारियल जैसे भारतीय अनाज बाहर से नहीं आएंगे।

आत्मनिर्भर कृषि, स्वदेशी अन्न और अन्नदाता का सम्मान — यही है नए भारत की असली पहचान। 💪🌾

आज भारत में राजनीतिक स्थिरता, अर्थव्यवस्था भी बेहतर, इसीलिए ट्रेड डील्स में हम मजबूत स्थिति से बात कर रहेः मोदी

भास्कर न्यूज़ | नई दिल्ली

राजनीतिक स्थिरता ने भारत में निवेशकों के भरोसे को फिर से बहाल किया है। अर्थव्यवस्था बेहतर स्थिति में है। हमारी विनिर्माण क्षमता, सेवा क्षेत्र, एमएसएमई की ही ताकत है, जो दुनिया के साथ ट्रेड डील्स में हम मजबूत स्थिति से बातचीत करने में सक्षम हैं। यह बात प्रधानमंत्री नरेंद्र मोदी ने पीटीआई को दिए एक साक्षात्कार में कही।

उन्होंने बताया कि पिछले कुछ वर्षों में भारत ने 38 विकसित देशों को कवर करने वाले कुल नौ व्यापार समझौतों को अंतिम रूप दिया है। खाड़ी देशों के छह देशों वाले समूह के साथ फ्री ट्रेड डील की औपचारिक शुरुआत हो चुकी है। पीएम ने इन्हीं का हवाला देते हुए इस बार के बजट को बड़े सुधारों वाला बताया। आइए जानते हैं पीएम मोदी ने और क्या कहा...

मोदी बोले- यह बजट 2026 नहीं, अगले 25 साल के लिए रफ्तार देता है...

- पीएम मोदी ने कहा कि इस बजट को सिर्फ 2026 का बजट न मानें। यह 21वीं सदी की दूसरी तिमाही का पहला बजट है। यह अगले 25 साल के लिए रफ्तार देता है।

इंफ्रास्ट्रक्चर में ऐतिहासिक विस्तारः पीएम ने कहा कि टूटी-फूटी और पुरानी व्यवस्था उस भारत में नहीं चल सकती जो विकसित बनने की आकांक्षा रखता है। इसलिए हमने गति, पैमाने और भविष्य की सोच के साथ इंफ्रास्ट्रक्चर को बदला है। बीते दशक में भारत में अब तक का सबसे बड़ा इंफ्रास्ट्रक्चर विस्तार हुआ है। हवाई अड्डों की संख्या दोगुनी हुई है, हजारों विमानों के ऑर्डर दिए गए हैं, मेट्रो शहरों की संख्या चार गुना बढ़ी है, ग्रामीण सड़कें और इंटरनेट कनेक्टिविटी तेजी से बढ़ी है। 2013 से 5 गुना ज्यादा पूंजीगत व्ययः मोदी के मुताबिक वित्त वर्ष 2026-27 के बजट में पूंजीगत व्यय को बढ़ाकर 12.2 लाख करोड़ रुपए कर दिया गया है, जो 2013 की तुलना में 5 गुना ज्यादा है।

बजट लुभावनी घोषणाओं से दूरः मोदी ने कहा- केंद्रीय बजट लोकलुभावन घोषणाओं से दूर रहा और इसकी जगह इंफ्रास्ट्रक्चर पर रिकॉर्ड पूंजीगत खर्च किया गया है। यह बजट युवाओं को तेजी से बदलती दुनिया के लिए तैयार करता है।

7% तक पहुंची विकास दरः पीएम ने कहा- बजट से पहले जारी आर्थिक सर्वेक्षण के मुताबिक, पूंजी निर्माण, श्रम का औपचारिकरण और डिजिटल पब्लिक इंफ्रास्ट्रक्चर ने मिलकर भारत की संभावित विकास दर को 7% तक पहुंचा दिया है।

उभरते क्षेत्रों में निवेशः पीएम मोदी ने कहा कि बायोफार्मा, सेमीकंडक्टर, इलेक्ट्रॉनिक्स कंपोनेंट मैन्युफैक्चरिंग, रेयर अर्थ कॉरिडोर और केमिकल पार्क जैसे उभरते क्षेत्रों में निवेश किया जा रहा है।

इससे भारतीय रेलवे का मौजूदा नेटवर्क लगभग 389 किलोमीटर बढ़ेगा

कैबिनेट ने दिल्ली, हरियाणा, महाराष्ट्र और कर्नाटक के 12 जिलों में अतिरिक्त पटरियां बिछाने की तीन परियोजनाओं को मंजूरी दी

परियोजना की कुल अनुमानित लागत लगभग 18,509 करोड़ रुपये है और ये कार्य 2030-31 तक पूरी होगा

हरिभूमि ब्यूरो ▶▶ नई दिल्ली

प्रधानमंत्री नरेन्द्र मोदी की अध्यक्षता में आर्थिक मामलों की कैबिनेट कमेटी ने कल रेल मंत्रालय की तीन परियोजनाओं को मंजूरी दे दी, जिनकी कुल लागत 18,509 करोड़ रुपये (लगभग) है। इन परियोजनाओं में कसारा–मनमाड तीसरी और चौथी लाइन, दिल्ली–अंबाला तीसरी और चौथी लाइन, वैल्लारी–होसपेट तीसरी और चौथी लाइन, दिल्ली–अम्बाला तीसरी और चौथी लाइन, वैल्लारी–होसपेट तीसरी और चौथी लाइन शामिल हैं।

भीड़भाड़ कम करने में मदद मिलेगी। ये परियोजनाएं प्रधानमंत्री नरेन्द्र मोदी की नये भारत की कल्पना के मुताबिक हैं, जो क्षेत्र के लोगों को "आत्मनिर्भर" बनाएगा। इसके लिए इलाके में बड़े पैमाने पर विकास होगा, जिससे उनके रोजगार/ स्व-रोजगार के मौके बढ़ेंगे।

ये परियोजनाएं पीएम-गति शक्ति राष्ट्रीय मास्टर प्लान पर बनाई गई है, जिसमें एकीकृत योजना और साझीदार परामर्श के जरिए मल्टी-मॉडल कनेक्टिविटी और लॉजिस्टिक दक्षता बढ़ाने पर विशेष ध्यान दिया गया है। ये परियोजनाएं

PM का विमान पूर्वोत्तर के पहले इमरजेंसी लैंडिंग स्थल पर उतरा

प्रधानमंत्री मोदी ने मोरान के ईएलएफ का किया उद्घाटन

- तेल्ला और अहोम टोनों उपयोगों के लिए बनाया गया है यह स्थल

चित्रसाभार: पूर्वोत्तर भारत की पहली इमरजेंसी लैंडिंग पट्टी का शनिवार प्रधानमंत्री मोदी ने किया उद्घाटन

5,500 करोड़ की परियोजनाओं का उद्घाटन

- ब्रह्मपुत्र नदी पर एल आई.आईएल और डेंटा केंद्र की शुरुआत

सेवा तीर्थ पहले दिन कई अहम फैसले

अब 6 करोड़ लखपति दीदी बनेंगी, घायलों को मिलेगा 1.5 लाख का कैशलेस इलाज

अमर उजाला ब्यूरो

नए प्रधानमंत्री कार्यालय सेवा तीर्थ में पहले दिन लक्ष्यन्मान में जुटे आम पीसवर्क की पहल पर हस्तक्षेप करते पीएम नरेंद्र मोदी। एएनआई

10,000 करोड़ रुपये के कोष के साथ स्टार्टअप इंडिया पर की मंजूरी

कृषि सुविधाएं डांका कोष: दोगुना करके 2 लाख करोड़ किया

प्रधानमंत्री बोले-सेवा तीर्थ भारत सर्वोपरि के सिद्धांत का प्रतीक

नई दिल्ली। प्रधानमंत्री नरेंद्र मोदी ने गुरुवार से नए प्रधानमंत्री कार्यालय सेवा तीर्थ में काम शुरू करते हुए कई आम फैसले किए। उन्होंने लखपति दीदी बनाने का लक्ष्य दोगुना कर छह करोड़ कर दिया। इसके साथ, हर फार्मेसी को सीसमाल्क सुलभ देने की घोषणा पर हस्ताक्षर किए। इसके साथ हाथों के घायलों को 1.5 लाख रुपये तक का कैशलेस इलाज मिलेगा। किसानों के लिए आम फैसले में कृषि सुविधाएं डांका कोष को दोगुना करके दो लाख करोड़ रुपये का दिया गया। 10,000 करोड़ रुपये के कोष के साथ स्टार्टअप इंडिया पर ऑल फंड्स 2.0 को भी मंजूरी दी।

इससे पहले, पीएम मोदी ने सुबह नए पीसवर्क और दो नए कार्यस्थलों का उद्घाटन किया। प्रधानमंत्री ने कहा, सेवा तीर्थ कार्यस्थल, कल्याण और भारत सर्वोपरि के सिद्धांत का प्रतीक है। सरकारी अधिकारी के मुताबिक, लखपति दीदी योजना में बेहतर प्रदर्शन में सफलता ने भारी, 2027 की लग सीमा से बहुत पहले तीन करोड़ लखपति दीदियों का आंकड़ा पार कर लिया। अब भारी, 2029 तक छह करोड़ का महत्वाकांक्षी लक्ष्य तय किया गया है। पीएम तात पहल के तहत दुर्घटना पीड़ितों को कैशलेस उपचार से सुनिश्चित होगा कि तकलाल चिकित्सा सहायता न मिलने के कारण किसी की जान न जाए। कृषि अवसंरचना कोष दोगुना कर दो लाख करोड़ करने का मकसद देश की कृषि मूल्य नृंखला को मजबूत करना है।

सेवा तीर्थ में पहले दिन पीएम मोदी ने कृषि, ग्रामीण विकास और महिला सशक्तिकरण से जुड़ी योजनाओं की समीक्षा की। इनमें फसल बीमा, सिंचाई परियोजनाएं, प्राकृतिक खेती व आधुनिक कृषि तकनीक शामिल हैं। उन्होंने मंत्रालयों को निर्देश दिए कि जनकल्याणकारी योजनाओं का लाभ अंतिम व्यक्ति तक पहुंचे। उन्होंने कहा, किसानों की आय बढ़ाना और खेती को लाभकारी बनाना सरकार की सर्वोच्च प्राथमिकता है। नहीं, नवाचार तंत्र, विशेष रूप से टीम टेक, प्राथमिक ऋण के विस्तारों, उन्नत विनिर्माण और अनुसंधान प्रोत्साहिनों के क्षेत्र में, मजबूत बनाने के लिए प्रधानमंत्री ने स्टार्टअप फंड बढ़ाने की मंजूरी दी।

विकसित भारत की यात्रा में मील का पत्थर

सेवा तीर्थ व कर्तव्य पथ विकसित भारत की यात्रा में महत्वपूर्ण मील का पत्थर हैं। ये नागरिक-केंद्रित शासन और राष्ट्रीय प्रगति के प्रति हमारी प्रतिबद्धता को दर्शाते हैं। -नरेंद्र मोदी, पीएम

विकास यात्रा को नई दिशा

पीएम मोदी ने कहा, सेवा तीर्थ निर्माण एक कार्यालय नहीं, बल्कि देशवासियों की सेवा का तीर्थ है। यहां से लिए जाने वाले हर निर्णय का सकारात्मक प्रभाव, किसान और महिलाओं के जीवन को बेहतर बनाना है। यह नई शुरुआत देश की विकास यात्रा को नई दिशा देती व विकसित भारत के संकल्प को और मजबूत करेगी। सेवा तीर्थ भारत का कर्तव्य पथ है। नागरिक देवो रूपम।

ऐतिहासिक दिन नई इमारत में पीएम मोदी

जानकारी के मुताबिक, प्रधानमंत्री का कार्यालय राजपथ दिवस पर राष्ट्रपति भवन के सामने अंतिम की कर्तव्य पथ मार्ग की इमारत में गए। देश के सारे दिग्गजों यहीं से होते थे, यह औपनिवेशिक शासन के सभी प्रतीकों को खत्म करने का यह पीएम मोदी ने इस कार्यालय को भी अनावित्त कर दिया। **खास बात यह है कि तीन-45 साल पहले 13 जनवरी, 1931 को भारत की आधुनिक राजधानी के रूप में नई दिल्ली का उद्घाटन किया गया था** >> पुरानी इमारतों गुलामी की सोच की प्रतीक : देश ने

ट्रेड डील पर पीएम ने कहा, यह 2014 से पहले क्यों नहीं हुआ

ET NOW परिचर्चा मिलेनियम समिट में पीएम मोदी ने दिखाई देश की उपलब्धियां

नई वैश्विक व्यवस्था को नेतृत्व और आकार दे रहा भारत : PM

दुनिया की ग्रोथ का नया इंजन बनेगा भारतः मोदी

- NBT रिपोर्ट, नई दिल्ली: प्रधानमंत्री नरेन्द्र मोदी ने गुरुवार को दुनिया की ग्रोथ में देश के बढ़ते योगदान का जिक्र किया और कहा कि भारत दुनिया की ग्रोथ का नया इंजन बनेगा। ET NOW मलोबल विजनेस समिट में पीएम ने कहा कि बीते दशक में वैश्विक महामारी, तनाव, जंग, डगमगाई चेन ने स्थायाद ...दुनिया ने बहुत कुछ देखा है। लेकिन कहा जाता है कि देश की ताकत संकट में ही सामने आती है। मुझे बहुत गर्व है कि कई सकारों के बावजूद यह दशक भारत के लिए विकास, सशक्तता डिलिवरी और लोकतंत्र की मजबूत करने वाला रहा है। पिछला दशक शुरू हुआ था तो भारत 11वें नंबर की अर्थव्यवस्था था। उपलब्धियाँ ने और नीचे जाने की आशंका थी, ET NOW परिचर्चा मिलेनियम समिट में पीएम मोदी ने दिखाई देश की उपलब्धियां

फंड ऑफ फंड्स-2.0

स्टार्टअप को पूंजी सहायता के लिए 10,000 करोड़ का कोष

स्टार्टअप, शहरी विकास व रेलवे से जुड़ीं 1.60 लाख करोड़ की परियोजनाओं पर केंद्रीय कैबिनेट की मुहर

डीप टेक, प्रौद्योगिकी आधारित विनिर्माण और शुरुआती चरण के स्टार्टअप को मिलेगी मदद, नए रोजगार पैदा होंगे

अमर उजाला ब्यूरो

कैबिनेट के फैसलों की जानकारी देते केंद्रीय मंत्री अश्विनी वैष्णव। एएनआई

नई दिल्ली। 2047 तक विकसित भारत के लक्ष्य को लेकर आगे बढ़ रही केंद्र सरकार ने स्टार्टअप, शहरी विकास और रेलवे से जुड़ी 1.60 लाख करोड़ रुपये की कई बड़ी परियोजनाओं को मंजूरी दी है। केंद्रीय कैबिनेट ने 10,000 करोड़ रुपये के स्टार्टअप इंडिया फंड ऑफ फंड्स (एफओएफ)-2.0 को मंजूरी दी। इसका फोकस डीप टेक, प्रौद्योगिकी आधारित विनिर्माण और शुरुआती चरण के स्टार्टअप पर रहेगा। इसके साथ, शहरी विकास के लिए एक लाख करोड़ रुपये का अर्बन मोबिलिटी फंड (एमओएफ) शुरू करने पर भी मुहर लगाई गई।

प्रधानमंत्री नरेंद्र मोदी की अध्यक्षता में हुई कैबिनेट बैठक में विकास और आधुनिक इंफ्रास्ट्रक्चर को गति देने के लिए कई अहम फैसले किए गए। केंद्रीय मंत्री अश्विनी वैष्णव ने बताया कि स्टार्टअप इंडिया फंड ऑफ फंड्स-2.0 के तहत पात्र स्टार्टअप्स को रोजगार के नए अवसर मिलेंगे। वैष्णव ने कहा, कोष से लाभान्वित आर्थिक विकास एजेंडा आगे बढ़ाने में मदद मिलेगी। वैश्विक स्तर पर प्रतिस्पर्धी प्रौद्योगिकियों, उन्नत विनिर्माण और गहन तकनीक आधारित समाधानों में भारत के स्टार्टअप्स की मजबूती, रक्षा और अन्यत्र में विनिर्माण क्षमता, बौद्धिक संपदा व मानव संसाधन के मजबूत होने से भारत की स्थिति मजबूत हुई है। इसके साथ बौद्धिक संपदा व मानव संसाधन के मजबूत होने से भारत की स्थिति मजबूत हुई है। इसके साथ बौद्धिक संपदा व मानव संसाधन के मजबूत होने से भारत की स्थिति मजबूत हुई है।

एक लाख करोड़ के कोष से शहरों का कायाकल्प

शहरी इंफ्रास्ट्रक्चर को बढ़ावा देने हुए कैबिनेट ने एक लाख करोड़ रुपये की केंद्रीय सहायता के साथ अर्बन फोर्स फंड (एमओएफ) को मंजूरी दी है। इसके जरिए राज्य परिवहन को लाभ का 25 फीसदी हिस्सा खाम करेगी, बशर्ते 50 फीसदी धन बाजार से जुटाना हो।

- इसमें आगले पांच सालों में शहरी क्षेत्र में कुल चार लाख करोड़ रुपये का निवेश होगा। यह पहल शहरी विकास के दृष्टिकोण में बड़ा बदलाव है, जो अनुदान आधारित वित्तपोषण से हटकर बाजार से जुटे, सुरक्षा उन्मुख और परिणाम उन्मुख निवेश की ओर है।

- सुप्रीमकोर्ट द्वारा सुनवाया गया शहरी इंफ्रास्ट्रक्चर के विकास के लिए बाजार वित्त, निजी भागीदारी के वाणिज्य-केंद्रित सुधारों का लाभ उठाएगा। इसका मकसद लचीले, उत्पादक, समावेशी व जलवायु-अनुकूल शहरों का निर्माण करना है। कोष दिए गये 2030-31 तक परिचालन में होगा और इसकी अवधि 2033-34 तक बढ़ सकेगी।

- साथ ही 5000 करोड़ रुपये का समर्पित कोष खासकर पहली बार बाजार वित्त तक पहुंच हासिल करने वाले शहरी सहित टियर-2 और टियर-3 शहरों सहित 4223 शहरों की ऋण योग्यता को बढ़ाएगा।

दिल्ली-अंबाला के बीच तीसरी व चौथी रेल लाइन बनेगी

दिल्ली-अंबाला के बीच तीसरी व चौथी रेल लाइन के साथ महाराष्ट्र के कसारा के 12 रेलवे में अतिरिक्त पटरियां बिछाने की तीन परियोजनाएं भी मंजूर की गईं। इससे रेलवे नेटवर्क 389 किमी बढ़ेगा। इन पर 18,509 करोड़ रुपये की लागत आएगी। साथ ही, अलग भी कसारा से मनमाड के बीच की दोनों मुख्य टीसीएस रोड व एक मुख्य में रेलवे के अपारगुड़ ट्रांसे के साथ नहीं के बीच खुले निर्माण को भी मंजूरी मिली। >> पेज 13

आज से 5 दिन तक दुनिया की 'इआई कैपिटल' बनेगी दिल्ली • पीएम मोदी 16 फरवरी को उद्घाटन करेंगे, समिट के लिए करीब 3 लाख लोग रजिस्ट्रेशन करा चुके हैं

सबसे बड़ी एआई समिट; 100+ सीईओ, 20+ राष्ट्राध्यक्ष और 135+ देशों के डेलीगेट्स जुटेंगे

इंडिया समिट 16 फरवरी से शुरुआत

भाषा न्यूज़ | नई दिल्ली

दिल्ली में मंगलवार से दुनिया की सबसे बड़ी एआई समिट (इंडिया इम्पैक्ट समिट 2026) शुरू हो रही है। 5 दिसंबर तक चलेगा। 16 फरवरी को प्रधानमंत्री नरेंद्र मोदी इसका उद्घाटन करेंगे। इस समिट में 100 से ज्यादा देशों के प्रतिनिधि भाग लेंगे। इसमें 5 दिवसीय चर्चा होगी। इसमें 5 दिवसीय चर्चा होगी। इसमें 5 दिवसीय चर्चा होगी

ਵਿਸ਼ਵ ਉਪਭੋਗਤਾ ਅਧਿਕਾਰ ਦਿਵਸ 15 ਮਾਰਚ

ਸੁਰੱਖਿਅਤ ਉਤਪਾਦ, ਭਰੋਸੇਮੰਦ ਉਪਭੋਗਤਾ

ਵਿਸ਼ਵ ਉਪਭੋਗਤਾ ਅਧਿਕਾਰ ਦਿਵਸ 2026 ਦੀ ਥੀਮ – "ਸੁਰੱਖਿਅਤ ਉਤਪਾਦ, ਭਰੋਸੇਮੰਦ ਉਪਭੋਗਤਾ" ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਾਫ਼ੀ ਸਮੇਂ ਤੋਂ ਮੈਨੂਫੈਕਚਰਿੰਗ ਅਤੇ ਸਰਵਿਸ ਨਾਲ ਜੁੜੇ ਲੋਕਾਂ ਨੂੰ ਭਾਰਤੀ ਉਤਪਾਦਾਂ ਨੂੰ ਹੋਰ ਭਰੋਸੇਯੋਗ ਬਣਾਉਣ ਦੀ ਗੱਲ ਕਹਿ ਰਹੇ ਹਨ। ਇਸ ਦੇ ਨਾਲ ਹੀ ਕੇਂਦਰ ਸਰਕਾਰ ਉਪਭੋਗਤਾ ਸੁਰੱਖਿਆ ਨੂੰ ਪ੍ਰਾਥਮਿਕਤਾ ਦੇਣ ਅਤੇ ਝੂਠੇ ਵਿਗਿਆਪਨਾਂ 'ਤੇ ਸਖ਼ਤੀ ਸਮੇਤ ਉਪਭੋਗਤਾਵਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਚਲਾ ਰਹੀ ਹੈ ਕਈ ਡਿਜੀਟਲ ਪਲੈਟਫਾਰਮ ...

- ਉਪਭੋਗਤਾ ਅਧਿਕਾਰ ਸੁਰੱਖਿਆ ਢਾਂਚੇ ਨੂੰ ਆਧੁਨਿਕ ਬਣਾਉਣ ਦੇ ਲਈ ਪੁਰਾਣੇ ਕਾਨੂੰਨ ਰੱਦ ਕਰਕੇ ਨਵਾਂ ਉਪਭੋਗਤਾ ਸੁਰੱਖਿਆ ਐਕਟ, 2019 ਲਾਗੂ ਕੀਤਾ ਗਿਆ।
- 1 ਜਨਵਰੀ 2025 ਤੋਂ **https://e-jagriti.gov.in/** ਪੋਰਟਲ ਲਾਂਚ ਕੀਤਾ ਗਿਆ। ਇਹ ਆਰਟੀਫਿਸ਼ੀਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਫੇਸਲੈੱਸ ਔਨਬੋਰਡਿੰਗ ਵਰਗੀਆਂ ਸੁਵਿਧਾਵਾਂ ਰਾਹੀਂ ਉਪਭੋਗਤਾ ਸ਼ਿਕਾਇਤ ਨਿਵਾਰਣ ਨੂੰ ਹੋਰ ਬਿਹਤਰ ਬਣਾਉਂਦਾ ਹੈ।
- ਮੁਕੱਦਮੇਬਾਜ਼ੀ ਤੋਂ ਪਹਿਲਾਂ ਸ਼ਿਕਾਇਤ ਨਿਵਾਰਣ ਦੇ ਲਈ ਟੋਲ-ਫ੍ਰੀ ਨੰਬਰ 1915 'ਤੇ ਸ਼ਿਕਾਇਤ ਦਰਜ ਕਰੋ। ਸ਼ਿਕਾਇਤ ਨਿਵਾਰਣ ਦੀ ਸਮਾਂ ਸੀਮਾ 45 ਦਿਨ ਹੈ। ਪਿਛਲੇ ਤਿੰਨ ਵਰ੍ਹਿਆਂ ਤੋਂ ਔਸਤ ਤੌਰ 'ਤੇ ਹਰ ਮਹੀਨੇ 1 ਲੱਖ ਤੋਂ ਵੱਧ ਸ਼ਿਕਾਇਤਾਂ ਇੱਥੇ ਆਉਂਦੀਆਂ ਹਨ।



"ਵਿਸ਼ਵ ਉਪਭੋਗਤਾ ਅਧਿਕਾਰ ਦਿਵਸ 'ਤੇ ਉਪਭੋਗਤਾਵਾਂ ਨੂੰ ਵਧਾਈ, ਜਿਨ੍ਹਾਂ ਦੀ ਖਰੀਦ ਸ਼ਕਤੀ 'ਤੇ ਸਾਡੀ ਅਰਥਵਿਵਸਥਾ ਦੀ ਉੱਨਤੀ ਨਿਰਭਰ ਹੈ। ਭਾਰਤ ਸਰਕਾਰ ਨਾ ਸਿਰਫ਼ ਉਪਭੋਗਤਾ ਸੁਰੱਖਿਆ, ਸਗੋਂ ਉਪਭੋਗਤਾਵਾਂ ਦੀ ਸਮ੍ਰਿੱਧੀ 'ਤੇ ਵੀ ਆਪਣਾ ਧਿਆਨ ਕੇਂਦ੍ਰਿਤ ਕਰ ਰਹੀ ਹੈ। – **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨਿਊ ਇੰਡੀਆ ਸਮਾਚਾਰ ਪਖਵਾੜਾ

RNI Registered No.DELPUN/2020/78808, 01-15 March, 2026

RNI Registered No DELPUN/2020/78808, Delhi Postal License No DL(S)-1/3550/2023-25, WPP NO U(S)-98/2023-25,posting at BPC, Market Road, New Delhi-110001 on 26-30 advance Fortnightly (Publishing Date: 19 February, 2026, Total Pages-60)

Editor in Chief
Dhirendra Ojha
Principal Director General,
Press Information Bureau, New Delhi

Published & Printed by:
Smt. Kanchan Prasad, Director General, on behalf of Central Bureau of Communication

Published from:
Room No–278, Central Bureau of Communication, 2nd Floor, Soochna Bhawan, New Delhi -110003

Printed at Chandu Press, 469, Patparganj, Industrial Estate, Delhi-110092